रेलवे भर्ती बोर्ड / RAILWAY RECRUITMENT BOARDS
सीईएन - 07/2025 - एनटीपीसी पूर्व-स्नातक स्तर - CEN - 07/2025 - NTPC UNDER GRADUATE LEVEL

# RRB NTPC Undergraduate 2025

## Undergraduate Level · CEN 07/2025 · CBT-2 · Question Paper

**Punjabi**

Complete Paper · 120 Questions · Official Answer Key

## About this Compilation

This booklet contains the complete question paper of the **RRB NTPC Undergraduate 2025 CBT-2** examination in **Punjabi**, with the correct option marked as per the official answer key.

✓ Correct option (highlighted green)

### How to use

- Use the **Index** page to jump directly to any set (clickable).
- Questions appear section by section in the order of the paper, numbered 1 onward.
- Diagram and wide-table questions appear at full width at the end of their section.
- The correct answer is highlighted in green with a tick.

### More from QMaths

Check your marks, normalized score and zone-wise rank free at **rank.qmaths.in**. Master English vocabulary with the **Blackbook** app.




*Toppers' Choice, Blackbook of English Vocabulary, Now available in App format : DOWNLOAD NOW*

# Index — All Sets (click to open)

Set 1 17 Sep 2026
9:30 AM - 11:00 AM

## General Awareness

50 Questions • Answer Key

**Q1** General Awareness

ਗੈਲਪ ਅਤੇ UN ਸਸਟੇਨੇਬਲ ਡਿਵੈਲਪਮੈਂਟ ਸਲਿਊਸ਼ਨਜ਼ ਨੈੱਟਵਰਕ (UN SDSN) ਦੇ ਨਾਲ ਭਾਈਵਾਲੀ ਵਿੱਚ ਕਿਸ ਸੰਗਠਨ ਨੇ ਵਰਲਡ ਹੈਪੀਨੇਸ ਰਿਪੋਰਟ 2026 ਪ੍ਰਕਾਸ਼ਿਤ ਕੀਤੀ?

- A. ਵੈਲਬੀਂਗ ਰਿਸਰਚ ਸੈਂਟਰ, ਆਕਸਫੋਰਡ ਯੂਨੀਵਰਸਿਟੀ ✓
- B. ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ
- C. ਵਰਲਡ ਬੈਂਕ
- D. ਵਰਲਡ ਇਕਨਾਮਿਕ ਫੋਰਮ

**Q2** General Awareness

ਨਵਿਆਉਣਯੋਗ ਊਰਜਾ ਅੰਕੜੇ 2026 ਦੇ ਅਨੁਸਾਰ, ਨਵਿਆਉਣਯੋਗ ਊਰਜਾ ਸਥਾਪਿਤ ਸਮਰੱਥਾ ਵਿੱਚ ਭਾਰਤ ਦਾ ਆਲਮੀ ਦਰਜਾ ਕਿੰਨਾ ਸੀ?

- A. ਚੌਥਾ
- B. ਪੰਜਵਾਂ
- C. ਦੂਜਾ
- D. ਤੀਜਾ ✓

**Q3** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਦੱਖਣੀ, ਦੱਖਣ-ਪੂਰਬੀ ਅਤੇ ਪੂਰਬੀ ਏਸ਼ੀਆ ਦੇ ਮਾਨਸੂਨੀ ਖੇਤਰਾਂ ਵਿੱਚ ਕੀਤੀ ਜਾਣ ਵਾਲੀ ਸੰਘਣੀ ਨਿਰਵਾਹ ਖੇਤੀ ਦੀ ਵਿਸ਼ੇਸ਼ਤਾ ਦੀ ਸਹੀ ਪਛਾਣ ਕਰਦਾ ਹੈ?

- A. ਵਿਆਪਕ ਚਰਾਉਣ ਅਤੇ ਮਸ਼ੀਨੀਕਰਨ ਵਾਲੇ ਵੱਡੇ ਖੇਤ
- B. ਸੰਘਣੀ ਕਿਰਤ ਅਤੇ ਬਹੁ-ਫ਼ਸਲੀ ਪ੍ਰਣਾਲੀ ਵਾਲੇ ਛੋਟੇ ਖੇਤ ✓
- C. ਨਿਰਯਾਤ ਫ਼ਸਲਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਵਾਲੇ ਵਿਸ਼ਾਲ ਬਾਗ਼ਾਨ
- D. ਬਦਲਵੀਂ ਖੇਤੀ ਅਤੇ ਲੰਬੇ ਸਮੇਂ ਲਈ ਖਾਲੀ ਛੱਡੇ ਜਾਣ ਵਾਲੇ ਵਿਰਲੇ ਖੇਤ

**Q4** General Awareness

2024-25 ਵਿੱਚ, ਸਿੱਖਿਆ ਮੰਤਰਾਲੇ ਨੇ ਇੱਕ ਮੌਜੂਦਾ ਰਾਸ਼ਟਰੀ ਪ੍ਰੋਗਰਾਮ ਰਾਹੀਂ ਸਕੂਲ ਸਿੱਖਿਆ ਵਿੱਚ ਸਾਈਬਰ ਸੁਰੱਖਿਆ ਅਤੇ ਡਿਜੀਟਲ ਵੈੱਲ-ਬੀਇੰਗ ਦੇ ਏਕੀਕਰਨ ਦੀ ਪੁਸ਼ਟੀ ਕੀਤੀ। ਕਿਸ ਪ੍ਰੋਗਰਾਮ ਦੇ ਤਹਿਤ ਪ੍ਰਤੀ ਸਕੂਲ ਦੋ ਅਧਿਆਪਕਾਂ ਨੂੰ ਸਿਹਤ ਅਤੇ ਤੰਦਰੁਸਤੀ ਦੂਤ (Health and Wellness Ambassador) ਵਜੋਂ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਸਾਈਬਰ ਸੁਰੱਖਿਆ ਵਰਗੇ ਮੁੱਦਿਆਂ 'ਤੇ ਢਾਂਚਾਗਤ ਤਰੀਕੇ ਨਾਲ ਹਫ਼ਤਾਵਾਰੀ ਸੈਸ਼ਨ ਆਯੋਜਿਤ ਕੀਤੇ ਜਾ ਸਕਣ?

- A. ਡਿਜੀਟਲ ਸਿੱਖਿਆ ਲਈ PRAGYATA ਦਿਸ਼ਾ ਨਿਰਦੇਸ਼ (PRAGYATA Guidelines for Digital Education)
- B. ਸਕੂਲ ਸਿਹਤ & ਵੈੱਲਨੈੱਸ ਪ੍ਰੋਗਰਾਮ (SHWP) [School Health & Wellness Programme (SHWP)] ✓
- C. CBSE ਸਾਈਬਰ ਸੇਫਟੀ ਹੈਂਡਬੁੱਕ (CBSE Cyber Safety Handbook)
- D. ਸੇਫ ਔਨਲਾਈਨ ਲਰਨਿੰਗ 'ਤੇ NCERT ਹੈਂਡਬੁਕ (NCERT Handbook on Safe Online Learning)

**Q5** General Awareness

ਹੇਠਾਂ ਦਿੱਤੇ ਕੱਚੇ ਮਾਲ ਦੇ ਜੋੜਿਆਂ ਵਿੱਚੋਂ ਕਿਹੜਾ ਭਾਰਤ ਵਿੱਚ ਲੋਹੇ ਅਤੇ ਸਟੀਲ ਦੇ ਨਿਰਮਾਣ ਲਈ ਸਭ ਤੋਂ ਮਹੱਤਵਪੂਰਨ ਹੈ?

- A. ਬਾਕਸਾਈਟ ਅਤੇ ਜਿਪਸਮ
- B. ਤਾਂਬੇ ਦੀ ਕੱਚੀ ਧਾਤ ਅਤੇ ਜਿਪਸਮ
- C. ਲੋਹਾ ਦੀ ਕੱਚੀ ਧਾਤ ਅਤੇ ਕੋਲਾ ✓
- D. ਲੋਹਾ ਦੀ ਕੱਚੀ ਧਾਤ ਅਤੇ ਮੈਂਗਨੀਜ਼

**Q6** General Awareness

ਭਾਰਤੀ ਰਾਜਨੀਤੀ ਵਿੱਚ ਗਰਮਦਲ (Extremism) ਦੇ ਉਭਾਰ ਲਈ ਕਿਹੜੀ ਘਟਨਾ ਨੇ ਤਤਕਾਲੀ ਪ੍ਰੇਰਣਾ ਪ੍ਰਦਾਨ ਕੀਤੀ ਸੀ?

- A. ਪਹਿਲਾ ਵਿਸ਼ਵ ਯੁੱਧ
- B. ਮੋਰਲੇ – ਮਿੰਟੋ ਸੁਧਾਰ
- C. ਬੰਗਾਲ ਦੀ ਵੰਡ ✓
- D. ਇਲਬਰਟ ਬਿੱਲ ਵਿਵਾਦ

**Q7** General Awareness

ਇਹਨਾਂ ਵਿੱਚੋਂ ਕਿਹੜਾ UPSC ਦੇ ਚੇਅਰਮੈਨ ਜਾਂ ਮੈਂਬਰ ਨੂੰ ਹਟਾਉਣ ਦਾ ਆਧਾਰ ਨਹੀਂ ਹੈ?

- A. ਦੀਵਾਲੀਆਪਨ
- B. ਮਨ ਜਾਂ ਸਰੀਰ ਦੀ ਕਮਜ਼ੋਰੀ
- C. ਵਿਦੇਸ਼ੀ ਪੁਰਸਕਾਰ ਦੀ ਸਵੀਕ੍ਰਿਤੀ ✓
- D. ਸਰਕਾਰੀ ਡਿਊਟੀਆਂ ਤੋਂ ਇਲਾਵਾ ਤਨਖਾਹ ਵਾਲਾ ਰੁਜ਼ਗਾਰ

Blackbook Vocabulary — Now in the App! ► Download Now on Google Play

**Q8** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸ਼ੇਰ ਸ਼ਾਹ ਸੂਰੀ ਦੇ ਰਾਜਕਾਲ ਦੌਰਾਨ ਵਿਕਸਿਤ ਕੀਤੇ ਗਏ ਸੜਕੀ ਨੈੱਟਵਰਕ ਦੀ ਪ੍ਰਸ਼ਾਸਨਿਕ ਮਹੱਤਤਾ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਸਪਸ਼ਟ ਕਰਦਾ ਹੈ?

A. ਡਾਕ ਚੌਕੀਆਂ ਅਨਾਜ ਜਮ੍ਹਾਂ ਕਰਦੀਆਂ ਸਨ ਅਤੇ ਵਪਾਰਕ ਕੇਂਦਰਾਂ ਵਜੋਂ ਕੰਮ ਕਰਦੀਆਂ ਸਨ

B. ਸਰਾਵਾਂ ਟੈਕਸ ਇਕੱਠਾ ਕਰਦੀਆਂ ਸਨ ਅਤੇ ਫ਼ੌਜੀ ਛਾਉਣੀਆਂ ਵਜੋਂ ਕੰਮ ਕਰਦੀਆਂ ਸਨ

C. ਸਰਾਵਾਂ ਰਹਿਣ ਲਈ ਜਗ੍ਹਾ ਪ੍ਰਦਾਨ ਕਰਦੀਆਂ ਸਨ ਅਤੇ ਡਾਕ ਚੌਕੀਆਂ ਵਜੋਂ ਕੰਮ ਕਰਦੀਆਂ ਸਨ ✓

D. ਕੋਸ ਮੀਨਾਰ ਸੰਦੇਸ਼ਵਾਹਕਾਂ ਦੇ ਰਹਿਣ ਦੀ ਜਗ੍ਹਾ ਸਨ ਅਤੇ ਮਾਲੀਆ ਦਫ਼ਤਰਾਂ ਵਜੋਂ ਕੰਮ ਕਰਦੇ ਸਨ

**Q9** General Awareness

ਕਿਹੜੇ ਸੰਵਿਧਾਨਕ ਸੋਧ ਐਕਟ ਦੁਆਰਾ ਭਾਰਤ ਵਿੱਚ ਨਗਰਪਾਲਿਕਾਵਾਂ ਨੂੰ ਸੰਵਿਧਾਨਕ ਦਰਜਾ ਦਿੱਤਾ ਗਿਆ ਸੀ?

A. 73ਵਾਂ ਸੰਵਿਧਾਨਕ ਸੋਧ ਐਕਟ, 1992

B. 61ਵਾਂ ਸੰਵਿਧਾਨਕ ਸੋਧ ਐਕਟ, 1989

C. 86ਵਾਂ ਸੰਵਿਧਾਨਕ ਸੋਧ ਐਕਟ, 2002

D. 74ਵਾਂ ਸੰਵਿਧਾਨਕ ਸੋਧ ਐਕਟ, 1992 ✓

**Q10** General Awareness

ਕਿਹੜੀ ਵੈਦਿਕ ਸਭਾ ਵਿੱਚ ਮੁੱਖ ਤੌਰ 'ਤੇ ਬਜ਼ੁਰਗ ਅਤੇ ਕੁਲੀਨ ਲੋਕ ਸ਼ਾਮਿਲ ਸਨ?

A. ਸਮਿਤੀ

B. ਵਿਦਥ

C. ਗਣ

D. ਸਭਾ ✓

**Q11** General Awareness

ਕਿੰਨਵੀਂ ਸੰਵਿਧਾਨਕ ਸੋਧ ਨੇ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਵੋਟ ਪਾਉਣ ਦੀ ਉਮਰ ਨੂੰ ਘਟਾ ਦਿੱਤਾ ਹੈ?

A. 61ਵੀਂ ਸੰਵਿਧਾਨਕ ਸੋਧ ਅਧਿਨਿਯਮ ✓

B. 44ਵੀਂ ਸੰਵਿਧਾਨਕ ਸੋਧ ਐਕਟ

C. 74ਵੀਂ ਸੰਵਿਧਾਨਕ ਸੋਧ ਐਕਟ

D. 52ਵੀਂ ਸੰਵਿਧਾਨਕ ਸੋਧ ਕਾਨੂੰਨ

**Q12** General Awareness

ICC ਚੈਂਪੀਅਨਜ਼ ਟਰਾਫੀ ਦਾ ਆਯੋਜਨ ਕਿਸ ਚੱਕਰੀ ਫਾਰਮੈਟ ਵਿੱਚ ਕੀਤਾ ਜਾਂਦਾ ਹੈ?

A. ਹਰ 5 ਸਾਲ

B. ਹਰ 4 ਸਾਲ ✓

C. ਹਰ 2 ਸਾਲ

D. ਹਰ 6 ਸਾਲ

**Q13** General Awareness

ਭਾਰਤ ਦੇ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕਾਂਕ (MPI) ਲਈ ਐਲਕੀਰੇ-ਫੋਸਟਰ ਕਾਰਜ-ਵਿਧੀ ਦੀ ਦੋਹਰੀ-ਸੀਮਾ ਪਹੁੰਚ (dual-cutoff approach) ਨੂੰ ਕਿਉਂ ਚੁਣਿਆ ਗਿਆ ਸੀ?

A. ਇਹ ਸਾਰੇ ਸੂਚਕਾਂ ਲਈ ਇੱਕ ਸਾਂਝੀ ਕਮੀ ਦੀ ਸੀਮਾ ਦੀ ਵਰਤੋਂ ਕਰਦਾ ਹੈ

B. ਇਹ ਬਹੁ-ਆਯਾਮੀ ਗਰੀਬੀ ਦੇ ਸਿਰਫ਼ ਪੇਂਡੂ ਪਹਿਲੂਆਂ 'ਤੇ ਜ਼ੋਰ ਦਿੰਦਾ ਹੈ

C. ਇਹ ਪਰਿਵਾਰਕ ਕਮੀ ਦੇ ਸਿਰਫ਼ ਆਮਦਨ-ਅਧਾਰਿਤ ਰੂਪਾਂ ਨੂੰ ਮਾਪਦਾ ਹੈ

D. ਇਹ ਵਿਸ਼ਵਵਿਆਪੀ ਪੱਧਰ 'ਤੇ ਤੁਲਨਾਤਮਕਤਾ ਦੇ ਨਾਲ-ਨਾਲ ਭਾਰਤ ਦੀਆਂ ਵਿਕਾਸ ਤਰਜੀਹਾਂ ਦਾ ਸੁਮੇਲ ਕਰਦਾ ਹੈ ✓

**Q14** General Awareness

ਕਿਹੜੀ ਵਿਸ਼ੇਸ਼ਤਾ ਸਿੰਧੂ ਘਾਟੀ ਸੱਭਿਅਤਾ ਦੇ ਯੋਜਨਾਬੱਧ ਸ਼ਹਿਰੀ ਖਾਕੇ ਨੂੰ ਸਭ ਤੋਂ ਵੱਧ ਦਰਸਾਉਂਦੀ ਹੈ?

A. ਵੱਡੇ ਮੰਦਿਰ ਕੰਪਲੈਕਸਾਂ ਦੇ ਦੁਆਲੇ ਕੇਂਦ੍ਰਿਤ ਇਮਾਰਤਾਂ

B. ਸਮਕੋਣਾਂ 'ਤੇ ਕੱਟਣ ਵਾਲੀਆਂ ਗਲੀਆਂ ✓

C. ਚੱਕਰਾਕਾਰ ਕੇਂਦਰਾਂ ਦੇ ਦੁਆਲੇ ਵਿਵਸਥਿਤ ਬਸਤੀਆਂ

D. ਅਨਿਯਮਿਤ ਵਿੰਗੇ-ਟੇਢੇ ਰਸਤਿਆਂ ਦੇ ਨਾਲ-ਨਾਲ ਬਣਾਏ ਗਏ ਘਰ

**Q15** General Awareness

ਇੱਕ ਸੰਸਥਾ (organization) ਫਾਈਲਾਂ, ਪ੍ਰਿੰਟਰਾਂ ਅਤੇ ਹੋਰ ਸਰੋਤਾਂ ਨੂੰ ਇੱਕ ਨਿੱਜੀ ਤੌਰ 'ਤੇ ਪ੍ਰਬੰਧਿਤ ਨੈੱਟਵਰਕ ਰਾਹੀਂ ਸਾਂਝਾ ਕਰਨ ਲਈ ਇੱਕੋ ਦਫ਼ਤਰੀ ਇਮਾਰਤ ਦੇ ਅੰਦਰ ਕੰਪਿਊਟਰਾਂ ਨੂੰ ਆਪਸ ਵਿੱਚ ਜੋੜਦਾ ਹੈ। ਇਸ ਸੈੱਟਅੱਪ ਲਈ ਕਿਸ ਕਿਸਮ ਦਾ ਨੈੱਟਵਰਕ ਸਭ ਤੋਂ ਵੱਧ ਢੁਕਵਾਂ ਹੈ?

A. ਲੋਕਲ ਏਰੀਆ ਨੈੱਟਵਰਕ (LAN) ✓

B. ਵਾਈਡ ਏਰੀਆ ਨੈੱਟਵਰਕ (WAN)

C. ਮੈਟਰੋਪੋਲੀਟਨ ਏਰੀਆ ਨੈੱਟਵਰਕ (MAN)

D. ਪਰਸਨਲ ਏਰੀਆ ਨੈੱਟਵਰਕ (PAN)

Blackbook Vocabulary — Now in the App! ▶ Download Now on Google Play

generated by rank.qmaths.in

**Q16** General Awareness

ਸਰਕਾਰ ਦੁਆਰਾ 2026 ਵਿੱਚ ਸ਼ੁਰੂ ਕੀਤੇ ਗਏ ਸਮਗਰ ਸ਼ਿਸ਼ੂ ਬਾਲ ਸਵਾਸਥਿਆ ਪ੍ਰੋਗਰਾਮ (SSBSK) ਦਾ ਮੁੱਖ ਫੋਕਸ ਕੀ ਹੈ?

A. ਬੱਚਿਆਂ ਲਈ ਮੁਫਤ ਸਿੱਖਿਆ ਪ੍ਰਦਾਨ ਕਰਨਾ

B. ਕਿਸ਼ੋਰਾਂ ਨੂੰ ਪੋਸ਼ਣ ਪ੍ਰਦਾਨ ਕਰਨਾ

C. ਮਾਵਾਂ ਦੀ ਸਿਹਤ ਸਬਸਿਡੀਆਂ ਦੀ ਪੇਸ਼ਕਸ਼ ਕਰਨਾ

D. ਜਨਮ ਤੋਂ ਲੈ ਕੇ 36 ਮਹੀਨਿਆਂ ਤੱਕ ਏਕੀਕ੍ਰਿਤ ਬਾਲ ਸਿਹਤ ਸੰਭਾਲ ਪ੍ਰਦਾਨ ਕਰਨਾ ✓

**Q17** General Awareness

ਨਵੰਬਰ 2025 ਵਿੱਚ ਨਵੇਂ ਲੇਬਰ ਕੋਡ ਦੇ ਲਾਗੂ ਹੋਣ 'ਤੇ ਔਰਤਾਂ ਦੀ ਸੁਰੱਖਿਆ ਨਾਲ ਸਬੰਧਿਤ ਕਿਹੜਾ ਮਹੱਤਵਪੂਰਨ ਬਦਲਾਅ ਆਇਆ?

A. ਸੁਰੱਖਿਆ ਉਪਾਵਾਂ ਦੇ ਨਾਲ ਰਾਤ ਦੀ ਸ਼ਿਫਟ ਦੀ ਇਜਾਜ਼ਤ ✓

B. ਔਰਤਾਂ ਨੂੰ ਪਹਿਲਾਂ ਸੇਵਾਮੁਕਤ ਹੋਣਾ ਜ਼ਰੂਰੀ

C. ਔਰਤਾਂ ਲਈ ਉਦਯੋਗਿਕ ਰੁਜ਼ਗਾਰ 'ਤੇ ਰੋਕ

D. ਔਰਤਾਂ ਨੂੰ ਜਣੇਪਾ ਲਾਭਾਂ ਤੋਂ ਛੋਟ

**Q18** General Awareness

ਕਿਹੜੀ ਯੂਰਪੀਅਨ ਵਪਾਰਕ ਕੰਪਨੀ ਨੇ ਮੁੱਖ ਤੌਰ 'ਤੇ ਵਪਾਰਕ ਪ੍ਰਭੂਤਵ, ਵਿਸ਼ੇਸ਼ ਤੌਰ 'ਤੇ ਮਸਾਲਿਆਂ ਦੇ ਵਪਾਰ 'ਤੇ ਧਿਆਨ ਕੇਂਦਰਿਤ ਕੀਤਾ ਸੀ, ਅਤੇ ਮਾਲਾਬਾਰ ਖੇਤਰ ਵਿੱਚ ਉਸਦੀ ਸਭ ਤੋਂ ਮਹੱਤਵਪੂਰਨ ਮੌਜੂਦਗੀ ਸੀ?

A. ਫ੍ਰੈਂਚ ਈਸਟ ਇੰਡਿਆ ਕੰਪਨੀ

B. ਡੱਚ ਈਸਟ ਇੰਡੀਆ ਕੰਪਨੀ ✓

C. ਇੰਗਲਿਸ਼ ਈਸਟ ਇੰਡੀਆ ਕੰਪਨੀ

D. ਡੈਨਿਸ਼ ਈਸਟ ਇੰਡੀਆ ਕੰਪਨੀ

**Q19** General Awareness

ਕਿਹੜਾ ਕਥਨ ਸਭ ਤੋਂ ਵਧੀਆ ਢੰਗ ਨਾਲ ਦੱਸਦਾ ਹੈ ਕਿ ਘਰੇਲੂ ਬਿਜਲੀ ਦੇ ਉਪਕਰਣ ਲੜੀਵਾਰ ਦੀ ਬਜਾਏ ਸਮਾਨਾਂਤਰ ਕਿਉਂ ਜੁੜੇ ਹੁੰਦੇ ਹਨ?

A. ਸਮਾਨਾਂਤਰ ਸਰਕਟ ਸਪਲਾਈ ਵੋਲਟੇਜ ਨੂੰ ਘਟਾਉਂਦੇ ਹਨ

B. ਹਰੇਕ ਉਪਕਰਨ ਪੂਰੀ ਸਪਲਾਈ ਵੋਲਟੇਜ ਪ੍ਰਾਪਤ ਕਰਦਾ ਹੈ ਅਤੇ ਸੁਤੰਤਰ ਤੌਰ 'ਤੇ ਕੰਮ ਕਰਦਾ ਹੈ ✓

C. ਕਰੰਟ ਇੱਕ ਸਮੇਂ ਵਿੱਚ ਕੇਵਲ ਇੱਕ ਹੀ ਉਪਕਰਨ ਵਿੱਚੋਂ ਲੰਘਦਾ ਹੈ

D. ਸਮਾਂਤਰ ਸਰਕਟ ਹਰੇਕ ਉਪਕਰਨ ਦੇ ਪ੍ਰਤੀਰੋਧ ਨੂੰ ਵਧਾਉਂਦੇ ਹਨ

**Q20** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇਸ ਗੱਲ ਦੀ ਸਭ ਤੋਂ ਵਧੀਆ ਵਿਆਖਿਆ ਕਰਦਾ ਹੈ ਕਿ ਭਾਰਤ ਦੇ ਪੱਛਮੀ ਤਟਵਰਤੀ ਮੈਦਾਨਾਂ ਵਿੱਚ ਵਿਸ਼ਾਲ ਡੈਲਟਾ ਦੀ ਬਜਾਏ ਬਹੁਤ ਸਾਰੇ ਨਦੀ-ਮੁਹਾਨੇ ਕਿਉਂ ਪਾਏ ਜਾਂਦੇ ਹਨ?

A. ਨਦੀਆਂ ਛੋਟੀਆਂ, ਤਿੱਖੀਆਂ ਢਲਾਣਾਂ ਵਾਲੀਆਂ ਅਤੇ ਤੇਜ਼ ਵਹਿਣ ਵਾਲੀਆਂ ਹੁੰਦੀਆਂ ਹਨ ✓

B. ਨਦੀਆਂ ਲੰਬੀਆਂ, ਹੌਲੀ ਅਤੇ ਵਲ਼ਦਾਰ ਹੁੰਦੀਆਂ ਹਨ

C. ਨਦੀਆਂ ਵਿਸ਼ਾਲ ਹੜ੍ਹ ਦੇ ਮੈਦਾਨਾਂ ਵਿੱਚੋਂ ਵਹਿੰਦੀਆਂ ਹਨ

D. ਨਦੀਆਂ ਭਾਰੀ ਮਾਤਰਾ ਵਿੱਚ ਤਲਛਟ ਦਾ ਜਮ੍ਹਾ ਨਿਖੇਪਣ

**Q21** General Awareness

ਝਾਰਖੰਡ ਦੇ ਸਿੰਘਭੂਮ ਜ਼ਿਲ੍ਹੇ ਦੇ ਗੁਆ (Gua) ਅਤੇ ਨੋਆਮੁੰਡੀ (Noamundi) ਵਿੱਚ ਮੁੱਖ ਤੌਰ 'ਤੇ ਕਿਹੜਾ ਖਣਿਜ ਕੱਢਿਆ ਜਾਂਦਾ ਹੈ?

A. ਕੱਚਾ ਬੌਕਸਾਈਟ

B. ਕੱਚਾ ਮੀਕਾ

C. ਹੇਮਾਟਾਈਟ ਕੱਚਾ ਲੋਹਾ ✓

D. ਕੱਚਾ ਮੈਂਗਨੀਜ਼

**Q22** General Awareness

ਕੇਂਦਰ-ਰਾਜ ਸਬੰਧਾਂ ਨਾਲ ਜੁੜੇ ਮੁੱਦਿਆਂ ਦੀ ਸਮੀਖਿਆ ਕਰਨ ਲਈ ਕੇਂਦਰ ਸਰਕਾਰ ਦੁਆਰਾ 1983 ਵਿੱਚ ਹੇਠ ਲਿਖੇ ਕਮਿਸ਼ਨਾਂ ਵਿੱਚੋਂ ਕਿਹੜਾ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ, ਜਿਸ ਨੇ ਸਿਫਾਰਸ਼ ਕੀਤੀ ਸੀ ਕਿ ਰਾਜਪਾਲਾਂ ਦੀ ਨਿਯੁਕਤੀ ਪੂਰੀ ਤਰ੍ਹਾਂ ਗੈਰ-ਪੱਖਪਾਤੀ ਹੋਣੀ ਚਾਹੀਦੀ ਹੈ?

A. ਮੰਡਲ ਕਮਿਸ਼ਨ

B. ਕੋਠਾਰੀ ਕਮਿਸ਼ਨ

C. ਰਾਜਮੰਨਾਰ ਕਮਿਸ਼ਨ

D. ਸਰਕਾਰੀਆ ਕਮਿਸ਼ਨ ✓

**Q23** General Awareness

ਹਾਈਡ੍ਰੋਜਨ ਅਤੇ ਆਕਸੀਜਨ ਦਾ ਸੰਯੋਜਨ ਪਾਣੀ ਦਾ ਗਠਨ ਕਰਦਾ ਹੈ। ਕਿਹੜਾ ਨਿਯਮ ਇਹ ਦਰਸਾਉਂਦਾ ਹੈ ਕਿ ਪਾਣੀ ਵਿੱਚ ਹਮੇਸ਼ਾ ਪੁੰਜ ਦੇ ਹਿਸਾਬ ਨਾਲ ਹਾਈਡ੍ਰੋਜਨ ਅਤੇ ਆਕਸੀਜਨ ਇੱਕ ਨਿਸ਼ਚਿਤ ਅਨੁਪਾਤ ਵਿੱਚ ਹੁੰਦੇ ਹਨ?

A. ਅਵੋਗਾਡਰੋ ਦਾ ਨਿਯਮ

B. ਬੋਇਲ ਦਾ ਨਿਯਮ

C. ਬਹੁ-ਅਨੁਪਾਤ ਦਾ ਨਿਯਮ

D. ਸਥਿਰ ਅਨੁਪਾਤ ਦਾ ਨਿਯਮ ✓

Blackbook Vocabulary — Now in the App! ▶ Download Now on Google Play

generated by rank.qmaths.in

**Q24** General Awareness

Which trophy is awarded to the winner of the Women’s Singles event at the Wimbledon tennis tournament?

A. Ashes Trophy

B. Davis Cup

C. Venus Rosewater Dish ✓

D. Ryder Cup

**Q25** General Awareness

1855 – 56 ਵਿੱਚ ਸਿੱਧੂ ਅਤੇ ਕਾਹਨੂ ਦੁਆਰਾ ਕਿਸ ਜਨਜਾਤੀ ਵਿਦਰੋਹ ਦੀ ਅਗਵਾਈ ਕੀਤੀ ਗਈ ਸੀ?

A. ਰਾਮੋਸੀ ਵਿਦਰੋਹ

B. ਭੀਲ ਵਿਦਰੋਹ

C. ਕੋਲ ਵਿਦਰੋਹ

D. ਸੰਥਾਲ ਵਿਦਰੋਹ ✓

**Q26** General Awareness

ਹੇਠ ਲਿਖੇ ਜੰਗਲੀ ਜੀਵ ਸੁਰੱਖਿਆ ਉਪਰਾਲਿਆਂ ਵਿੱਚੋਂ ਭਾਰਤ ਵਿੱਚ ਇੱਕ ਸਰਵਉੱਚ ਸ਼ਿਕਾਰੀ (apex predator) ਦੀ ਰੱਖਿਆ ਕਰਨ ਲਈ 1973 ਵਿੱਚ ਕਿਹੜਾ ਸ਼ੁਰੂ ਕੀਤਾ ਗਿਆ ਸੀ?

A. ਪ੍ਰੋਜੈਕਟ ਸਨੋ ਲੈਪਰਡ

B. ਪ੍ਰੋਜੈਕਟ ਐਲੀਫੈਂਟ

C. ਪ੍ਰੋਜੈਕਟ ਟਾਈਗਰ ✓

D. ਪ੍ਰੋਜੈਕਟ ਕਰੋਕੋਡਾਈਲ

**Q27** General Awareness

ਹੇਠਾਂ ਦਿੱਤੇ ਉਦੇਸ਼ਾਂ ਵਿੱਚੋਂ ਅਨੁਸੂਚਿਤ ਜਨਜਾਤੀਆਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਇੱਕ ਰਣਨੀਤੀ ਵਜੋਂ ਤਿਆਰ ਕੀਤੀ ਗਈ ਜਨਜਾਤੀ ਉਪ-ਯੋਜਨਾ (TSP), ਮੁੱਖ ਤੌਰ 'ਤੇ ਕਿਸ ਨੂੰ ਪ੍ਰਾਪਤ ਕਰਨਾ ਚਾਹੁੰਦੀ ਹੈ?

A. ਜਨਜਾਤੀ ਬਹੁਗਿਣਤੀ ਖੇਤਰਾਂ ਵਿੱਚ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਵਪਾਰਕ ਗਤੀਵਿਧੀਆਂ ਨੂੰ ਵਧਾਉਣਾ

B. ਪਛਾਣੀਆਂ ਗਈਆਂ ਜਨਜਾਤੀ ਬਸਤੀਆਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਨਗਰ ਪਾਲਿਕਾ ਸੇਵਾਵਾਂ ਦਾ ਵਿਸਤਾਰ ਕਰਨਾ ਅਤੇ ਜਨਜਾਤੀ ਖੇਤਰਾਂ ਵਿੱਚ ਵਪਾਰਕ ਗਤੀਵਿਧੀਆਂ ਨੂੰ ਵਧਾਉਣਾ

C. ਅਧਿਸੂਚਿਤ ਜਨਜਾਤੀ ਖੇਤਰਾਂ ਵਿੱਚ ਉਦਯੋਗਿਕ ਵਿਕਾਸ ਵਿੱਚ ਸੁਧਾਰ ਕਰਨਾ ਅਤੇ ਆਵਾਜਾਈ ਦੇ ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨਾ

D. ਸਮਾਵੇਸ਼ੀ ਵਿਕਾਸ ਰਾਹੀਂ ਅਨੁਸੂਚਿਤ ਜਨਜਾਤੀਆਂ ਅਤੇ ਬਾਕੀ ਦੀ ਆਬਾਦੀ ਵਿਚਕਾਰ ਵਿਕਾਸ ਦੇ ਪਾੜੇ ਨੂੰ ਖਤਮ ਕਰਨਾ ✓

**Q28** General Awareness

ਸ਼ਤਰੰਜ ਦੇ ਬੋਰਡ 'ਤੇ ਵਰਗਾਂ ਦੇ ਅੱਠ ਸਿੱਧੇ ਖੜ੍ਹੇ ਕਾਲਮਾਂ ਨੂੰ 'ਫਾਈਲਜ਼' (files) ਕਿਹਾ ਜਾਂਦਾ ਹੈ, ਤਾਂ ਵਰਗਾਂ ਦੀਆਂ ਪਾਸੇ ਦੀਆਂ ਅੱਠ ਕਤਾਰਾਂ ਨੂੰ ਕੀ ਕਿਹਾ ਜਾਂਦਾ ਹੈ?

A. ਡਾਇਗਨਲਸ (Diagonals)

B. ਰੈਂਕਸ (Ranks) ✓

C. ਕਾਸਲਿੰਗਜ਼ (Castlings)

D. ਕਲੱਕਸ (Clocks)

**Q29** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਸ਼ਾ ਸੰਗਮ ਸਾਹਿਤ ਵਿੱਚ ਮੁੱਖ ਤੌਰ 'ਤੇ 'ਪੁਰਮ' (Puram) ਦੇ ਸੰਕਲਪ ਨਾਲ ਜੁੜਿਆ ਹੋਇਆ ਹੈ?

A. ਵਪਾਰ ਅਤੇ ਵਣਜ

B. ਯੁੱਧ, ਬਹਾਦਰੀ ਅਤੇ ਜਨਤਕ ਜੀਵਨ ✓

C. ਧਾਰਮਿਕ ਰਸਮਾਂ ਅਤੇ ਕੁਰਬਾਨੀਆਂ

D. ਪ੍ਰੇਮ ਅਤੇ ਨਿੱਜੀ ਭਾਵਨਾਵਾਂ

**Q30** General Awareness

ਭਾਰਤੀ ਸੰਵਿਧਾਨ ਦਾ ਕਿਹੜਾ ਅਨੁਛੇਦ ਕਿਸੇ ਵਿਅਕਤੀ ਨੂੰ ਇੱਕੋ ਅਪਰਾਧ ਲਈ ਇੱਕ ਤੋਂ ਵੱਧ ਵਾਰ ਸਜ਼ਾ ਦੇਣ ਤੋਂ ਬਚਾਉਂਦਾ ਹੈ?

A. ਅਨੁਛੇਦ 18

B. ਅਨੁਛੇਦ 19

C. ਅਨੁਛੇਦ 20 ✓

D. ਅਨੁਛੇਦ 21

**Q31** General Awareness

ਨਾਗਰਿਕਤਾ ਐਕਟ 1955 ਦੇ ਤਹਿਤ ਕਿਸੇ ਵਿਅਕਤੀ ਦੀ ਭਾਰਤੀ ਨਾਗਰਿਕਤਾ ਨੂੰ ਖ਼ਤਮ ਕਰਨ ਜਾਂ ਉਸਨੂੰ ਨਾਗਰਿਕਤਾ ਤੋਂ ਵਾਂਝਾ ਕਰਨ ਦੀ ਸ਼ਕਤੀ ਕਿਸ ਅਥਾਰਟੀ ਕੋਲ ਹੈ?

A. ਭਾਰਤ ਦੇ ਰਾਸ਼ਟਰਪਤੀ ਅਤੇ ਮੰਤਰੀ ਪ੍ਰੀਸ਼ਦ

B. ਭਾਰਤ ਦੀ ਸਰਵਉੱਚ ਅਦਾਲਤ

C. ਸੰਸਦ

D. ਗ੍ਰਹਿ ਮੰਤਰਾਲਾ (ਕੇਂਦਰ ਸਰਕਾਰ) ✓

Blackbook Vocabulary — Now in the App! ▶ Download Now on Google Play

generated by rank.qmaths.in

**Q32** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇਸ ਗੱਲ ਦੀ ਸਭ ਤੋਂ ਵਧੀਆ ਵਿਆਖਿਆ ਕਰਦਾ ਹੈ ਕਿ ਇੱਕ ਚਿਰਜੀਵੀ ਹਿਮਾਲੀਅਨ ਨਦੀ ਹੋਣ ਦੇ ਬਾਵਜੂਦ ਕੋਸੀ ਨਦੀ ਬਿਹਾਰ ਦੇ ਮੈਦਾਨਾਂ ਵਿੱਚ ਅਕਸਰ ਆਪਣਾ ਰਸਤਾ ਕਿਉਂ ਬਦਲਦੀ ਹੈ?

A. ਇਹ ਪੱਛਮੀ ਘਾਟ ਖੇਤਰ ਤੋਂ ਉਤਪੰਨ ਹੁੰਦੀ ਹੈ

B. ਇਹ ਭਾਰੀ ਤਲਛਟਾਂ ਦਾ ਨਿਖੇਪਣ ਕਰਦੀ ਹੈ, ਇਸਦੇ ਚੈਨਲ ਨੂੰ ਰੋਕਦੀ ਹੈ ✓

C. ਇਹ ਕਠੋਰ ਚੱਟਾਨਾਂ ਵਿੱਚੋਂ ਵਹਿੰਦੀ ਹੈ, ਅਪਰਦਨ ਨੂੰ ਘਟਾਉਂਦੀ ਹੈ

D. ਇਹ ਆਪਣੇ ਬੇਸਿਨ ਵਿੱਚ ਸੀਮਤ ਵਰਖਾ ਪ੍ਰਾਪਤ ਕਰਦੀ ਹੈ

**Q33** General Awareness

ਪ੍ਰਾਚੀਨ ਭਾਰਤੀ ਇਮਾਰਤਸਾਜ਼ੀ ਵਿੱਚ ਹੜੱਪਾ ਦੇ ਸ਼ਹਿਰਾਂ ਦੀ ਯੋਜਨਾਬੰਦੀ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਕਿਹੜੀ ਹੈ?

A. ਸੁਚੱਜੀ ਨਿਕਾਸੀ ਪ੍ਰਣਾਲੀ ਦੇ ਨਾਲ ਗ੍ਰਿਡ ਵਰਗੀ ਸੜਕੀ ਵਿਵਸਥਾ ✓

B. ਗੁੰਝਲਦਾਰ ਨੱਕਾਸ਼ੀ ਵਾਲੇ ਵੱਡੇ ਮੰਦਿਰ ਕੰਪਲੈਕਸ

C. ਧਾਰਮਿਕ ਸਭਾਵਾਂ ਲਈ ਗੁੰਬਦਦਾਰ ਸਤੂਪ

D. ਪੂਜਾ ਲਈ ਚਟਾਨਾਂ ਨੂੰ ਕੱਟ ਕੇ ਬਣਾਈਆਂ ਗਈਆਂ ਵਿਸ਼ਾਲ ਗੁਫ਼ਾਵਾਂ

**Q34** General Awareness

2026 ਵਿੱਚ, ਕਿਸ ਅੰਤਰਰਾਸ਼ਟਰੀ ਸੰਗਠਨ ਨੇ ਐਂਟੋਨਿਓ ਗੁਟੇਰੇਸ (António Guterres) ਦੇ ਉੱਤਰਾਧਿਕਾਰੀ ਬਣਨ ਲਈ 10ਵੇਂ ਸਕੱਤਰ-ਜਨਰਲ ਦੀ ਚੋਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ?

A. ਵਿਸ਼ਵ ਆਰਥਿਕ ਫੋਰਮ

B. ਅੰਤਰਰਾਸ਼ਟਰੀ ਨਿਆਂ ਅਦਾਲਤ

C. ਸੰਯੁਕਤ ਰਾਸ਼ਟਰ ✓

D. ਰਾਸ਼ਟਰਮੰਡਲ ਸਕੱਤਰੇਤ

**Q35** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਸੰਖੇਪ ਰੂਪ ਕੰਪਿਊਟਰਾਂ ਵਿੱਚ ਵਰਤੇ ਜਾਣ ਵਾਲੇ ਇੱਕ ਕਰੈਕਟਰ ਇਨਕੋਡਿੰਗ ਸਟੈਂਡਰਡ ਨੂੰ ਦਰਸਾਉਂਦਾ ਹੈ

A. ASCII ✓

B. LAN

C. RAM

D. CD

**Q36** General Awareness

ਚਨਾਬ ਪੁਲ (Chenab Bridge) ਰੇਲਵੇ ਬੁਨਿਆਦੀ ਢਾਂਚੇ ਵਿੱਚ ਕਿਸ ਤਰ੍ਹਾਂ ਇੱਕ ਵਿਸ਼ਵਵਿਆਪੀ ਮਿਆਰ ਸਥਾਪਿਤ ਕਰਦਾ ਹੈ?

A. ਪਹਾੜੀ ਘਾਟੀ ਦੇ ਪਾਰ ਬਣਾਇਆ ਗਿਆ ਸਭ ਤੋਂ ਲੰਬਾ ਰੇਲਵੇ ਪੁਲ ਬਣ ਕੇ

B. ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਡਾਟਦਾਰ ਪੁਲ ਬਣ ਕੇ ✓

C. ਏਸ਼ੀਆ ਦਾ ਸਭ ਤੋਂ ਲੰਬਾ ਰੇਲਵੇ ਡਾਟਦਾਰ ਪੁਲ ਬਣ ਕੇ

D. ਦੁਨੀਆ ਵਿੱਚ ਸਭ ਤੋਂ ਲੰਬੇ ਸਟੀਲ ਸਪੈਨ ਵਾਲਾ ਰੇਲਵੇ ਡਾਟਦਾਰ ਪੁਲ ਬਣ ਕੇ

**Q37** General Awareness

ਕੇਂਦਰੀ ਬਜਟ 2026 – 27 ਭਾਰਤ ਵਿੱਚ ਮਾਨਸਿਕ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਕਿਹੜੀ ਨਵੀਂ ਸੰਸਥਾ ਦੀ ਸਥਾਪਨਾ ਦਾ ਪ੍ਰਸਤਾਵ ਦਿੰਦਾ ਹੈ?

A. NIMHANS-2 ✓

B. NITI ਆਯੋਗ ਸਿਹਤ ਕੇਂਦਰ

C. ਨੈਸ਼ਨਲ ਟਰੌਮਾ ਇੰਸਟੀਚਿਊਟ

D. AIIMS-2

**Q38** General Awareness

2015 ਵਿੱਚ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ (PMAY-U) ਦਾ ਹੇਠ ਲਿਖਿਆਂ ਵਿੱਚੋਂ ਕਿਹੜਾ ਮੁੱਖ ਉਦੇਸ਼ ਹੈ?

A. ਯੋਗ ਸ਼ਹਿਰੀ ਪਰਿਵਾਰਾਂ ਨੂੰ ਕਿਫਾਇਤੀ ਕਿਰਾਏ ਦੇ ਮਕਾਨ ਮੁਹੱਈਆ ਕਰਵਾਉਣਾ

B. ਯੋਗ ਸ਼ਹਿਰੀ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਮੁਹੱਈਆ ਕਰਵਾਉਣਾ

C. ਯੋਗ ਸ਼ਹਿਰੀ ਪਰਿਵਾਰਾਂ ਨੂੰ ਪੱਕੇ ਮਕਾਨ ਮੁਹੱਈਆ ਕਰਵਾਉਣਾ ✓

D. ਯੋਗ ਸ਼ਹਿਰੀ ਪਰਿਵਾਰਾਂ ਨੂੰ ਅਸਥਾਈ ਆਸਰਾ ਮੁਹੱਈਆ ਕਰਵਾਉਣਾ

**Q39** General Awareness

ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ, Ctrl + C ਦੀ ਵਰਤੋਂ ਕਰਕੇ ਇੱਕ ਸਪ੍ਰੈਡਸ਼ੀਟ ਸੈੱਲ ਨੂੰ ਕਾਪੀ ਕਰਨ ਅਤੇ Ctrl + V ਦੀ ਵਰਤੋਂ ਕਰਕੇ ਇਸ ਨੂੰ ਕਈ ਥਾਵਾਂ 'ਤੇ ਪੇਸਟ ਕਰਨ ਤੋਂ ਬਾਅਦ ਦੇ ਨਤੀਜੇ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ?

A. ਸਾਰੇ ਮੰਜ਼ਿਲ ਸੈੱਲ ਮੂਲ ਕੰਟੈਂਟ ਨਾਲ ਡਾਇਨਾਮਿਕ ਰੂਪ ਵਿੱਚ ਜੁੜੇ ਰਹਿੰਦੇ ਹਨ

B. ਹਰੇਕ ਸਫ਼ਲ ਪੇਸਟ ਕਾਰਵਾਈ ਤੋਂ ਬਾਅਦ ਮੂਲ ਸੈੱਲ ਕਲੀਅਰ ਹੋ ਜਾਂਦਾ ਹੈ

C. ਹਰੇਕ ਡੈਸਟੀਨੇਸ਼ਨ ਸੈੱਲ ਮੂਲ ਸਮੱਗਰੀ ਦੀ ਇੱਕ ਸਮਰੂਪ ਕਾਪੀ ਪ੍ਰਾਪਤ ਕਰਦਾ ਹੈ ✓

D. ਹਰੇਕ ਪੇਸਟ ਕੀਤਾ ਮੁੱਲ ਆਪਣੇ ਆਪ ਇੱਕ ਫਾਰਮੂਲਾ ਰੈਫਰੈਂਸ ਵਿੱਚ ਬਦਲ ਜਾਂਦਾ ਹੈ

Blackbook Vocabulary — Now in the App! ▶ Download Now on Google Play

**Q40** General Awareness

ਜੂਨ 2026 ਵਿੱਚ, DRDO ਨੇ NASM-MR ਦਾ ਪਹਿਲਾ ਸਫਲ ਉਡਾਣ ਪ੍ਰੀਖਣ ਕੀਤਾ। ਇਹ ਮਿਜ਼ਾਈਲ ਕਿਸ ਕਾਰਜ ਲਈ ਤਿਆਰ ਕੀਤੀ ਗਈ ਹੈ?

A. ਮੱਧਮ ਦੂਰੀ 'ਤੇ ਜਲ-ਸੈਨਾ ਵੱਲੋਂ ਜਹਾਜ਼-ਵਿਰੋਧੀ ਹਮਲਾ ✓

B. ਟੈਂਕ-ਰੋਧੀ ਸੰਚਾਲਿਤ ਹਮਲਾ

C. ਮੱਧਮ ਦੂਰੀ ਦਾ ਟੈਂਕ-ਰੋਧੀ ਸੰਚਾਲਿਤ ਹਮਲਾ

D. ਘੱਟ ਦੂਰੀ 'ਤੇ ਜ਼ਮੀਨ ਤੋਂ ਹਵਾ ਵਿੱਚ ਰੋਕਣ ਦੀ ਕਾਰਵਾਈ

**Q41** General Awareness

2026 ਵਿੱਚ ਆਯੋਜਿਤ ਅਭਿਆਸ ਧਰਮ ਗਾਰਡੀਅਨ ਦੇ 7ਵੇਂ ਸੰਸਕਰਣ ਵਿੱਚ ਕਿਹੜੇ ਦੋ ਦੇਸ਼ਾਂ ਨੇ ਹਿੱਸਾ ਲਿਆ ਸੀ?

A. ਭਾਰਤ ਅਤੇ ਆਸਟ੍ਰੇਲੀਆ

B. ਭਾਰਤ ਅਤੇ ਫਰਾਂਸ

C. ਜਪਾਨ ਅਤੇ ਆਸਟ੍ਰੇਲੀਆ

D. ਭਾਰਤ ਅਤੇ ਜਪਾਨ ✓

**Q42** General Awareness

ਇੱਕ ਮਰੀਜ਼ ਦੇ ਗੁਰਦੇ (Kidney) ਦੀਆਂ ਫਿਲਟਰਿੰਗ ਇਕਾਈਆਂ ਦੇ ਕੰਮ ਵਿੱਚ ਨੁਕਸ ਪਾਇਆ ਗਿਆ ਹੈ। ਇਸ ਨਾਲ ਕਿਹੜੀ ਸਰੀਰਕ ਪ੍ਰਕਿਰਿਆ ਸਭ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਵੇਗੀ?

A. ਖੂਨ ਵਿੱਚੋਂ ਨਾਈਟ੍ਰੋਜਨ ਯੁਕਤ ਫਾਲਤੂ ਪਦਾਰਥਾਂ ਦਾ ਨਿਖੇੜਾ ✓

B. ਮੁੜ੍ਹਕਾ ਆਉਣ ਰਾਹੀਂ ਸਰੀਰ ਦੇ ਤਾਪਮਾਨ ਦਾ ਸੰਤੁਲਨ

C. ਲਾਲ ਰਕਤ ਕਣਾਂ ਦੁਆਰਾ ਆਕਸੀਜਨ ਦਾ ਪ੍ਰਵਿਹਿਣ

D. ਕਸਰਤ ਦੌਰਾਨ ਸਾਹ ਦੀ ਦਰ ਦਾ ਨਿਯੰਤਰਣ

**Q43** General Awareness

ਨਵੀਂ ਦਿੱਲੀ ਵਿੱਚ ਆਯੋਜਿਤ ਹੋ ਰਹੇ ਡਿਜੀਟਲ ਨਿਊਜ਼ ਪਬਲਿਸ਼ਰਸ ਐਸੋਸੀਏਸ਼ਨ (DNPA) ਕਨਕਲੇਵ 2026 ਦਾ ਮੁੱਖ ਫੋਕਸ ਕੀ ਹੈ?

A. ਚਰਚਾ ਅਤੇ ਸਹਿਯੋਗ ਲਈ ਡਿਜੀਟਲ ਨਿਊਜ਼ ਸੰਗਠਨਾਂ ਨੂੰ ਇਕੱਠਾ ਕਰਨਾ ✓

B. ਖੇਡ ਪ੍ਰਸਾਰਣ ਅਧਿਕਾਰਾਂ ਦੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ

C. ਪ੍ਰਿੰਟ ਕਿਤਾਬ ਪ੍ਰਕਾਸ਼ਨ ਉਦਯੋਗ ਦੀਆਂ ਅਪਡੇਟਾਂ 'ਤੇ ਧਿਆਨ ਕੇਂਦਰਿਤ ਕਰਨਾ

D. ਰਾਜ ਸਰਕਾਰ ਦੀ ਨਵੀਂ ਮੀਡੀਆ ਨੀਤੀ ਦਾ ਐਲਾਨ

**Q44** General Awareness

ਸੂਚਨਾ ਦਾ ਅਧਿਕਾਰ ਐਕਟ, 2005 ਦੇ ਤਹਿਤ ਛੋਟਾਂ ਦੇ ਸਬੰਧ ਵਿੱਚ ਅਕਸਰ ਕਿਸ ਕਾਨੂੰਨ 'ਤੇ ਚਰਚਾ ਕੀਤੀ ਗਈ ਹੈ?

A. ਕੰਪੀਟੀਸ਼ਨ ਐਕਟ, 2002

B. ਓਫੀਸ਼ੀਅਲ ਸੀਕਰੇਟਸ ਐਕਟ, 1923 ✓

C. ਇੰਡੀਅਨ ਐਵੀਡੈਂਸ ਐਕਟ, 1872

D. ਰਿਪ੍ਰੇਜ਼ੈਂਟੇਸ਼ਨ ਆਫ਼ ਦਿ ਪੀਪਲ ਐਕਟ, 1951

**Q45** General Awareness

ਰੱਖਿਆ, ਰੇਲਵੇ ਅਤੇ ਆਮਦਨ ਕਰ ਵਰਗੇ ਵਿਸ਼ੇ ਭਾਰਤ ਦੇ ਸੰਵਿਧਾਨ ਦੀ ਕਿਹੜੀ ਸੂਚੀ ਦੇ ਅਧੀਨ ਆਉਂਦੇ ਹਨ?

A. ਬਚੇ ਹੋਏ ਵਿਸ਼ਿਆਂ ਦੀ ਸੂਚੀ (Residuary List)

B. ਸਮਵਰਤੀ ਸੂਚੀ (Concurrent List)

C. ਰਾਜ ਸੂਚੀ (State List)

D. ਸੰਘ ਸੂਚੀ (Union List) ✓

**Q46** General Awareness

ਖਾਣਾ ਪਕਾਉਣ ਦੌਰਾਨ ਜਦੋਂ ਬੇਕਿੰਗ ਸੋਡਾ ਨਿੰਬੂ ਦੇ ਰਸ ਜਾਂ ਸਿਰਕੇ ਨਾਲ ਪ੍ਰਤੀਕਿਰਿਆ ਕਰਦਾ ਹੈ, ਤਾਂ ਕਿਹੜੀ ਗੈਸ ਪੈਦਾ ਹੁੰਦੀ ਹੈ?

A. ਨਾਈਟ੍ਰੋਜਨ

B. ਹਾਈਡ੍ਰੋਜਨ

C. ਕਾਰਬਨ ਡਾਈਆਕਸਾਈਡ ✓

D. ਆਕਸੀਜਨ

**Q47** General Awareness

27 ਫਰਵਰੀ 2026 ਨੂੰ, ਰਾਸ਼ਟਰੀ ਅੰਕੜਾ ਦਫ਼ਤਰ (NSO) ਨੇ GDP ਅਨੁਮਾਨਾਂ ਦੀ ਇੱਕ ਨਵੀਂ ਲੜੀ ਜਾਰੀ ਕੀਤੀ, ਜਿਸ ਵਿੱਚ ਆਧਾਰ ਸਾਲ ਨੂੰ 2011-12 ਤੋਂ ਬਦਲ ਕੇ ਕਿਹੜਾ ਨਵਾਂ ਆਧਾਰ ਸਾਲ ਨਿਰਧਾਰਿਤ ਕੀਤਾ ਗਿਆ ਹੈ?

A. 2022-23 ✓

B. 2018-19

C. 2020-21

D. 2015-16

Blackbook Vocabulary — Now in the App! ▶ Download Now on Google Play

**Q48** General Awareness

ਦਿੱਲੀ (ਰਾਈਟ ਆਫ਼ ਸਿਟੀਜ਼ਨ ਟੂ ਟਾਈਮ-ਬਾਊਂਡ ਐਂਡ ਈਜ਼ ਆਫ਼ ਡਿਲੀਵਰੀ ਆਫ਼ ਸਰਵਿਸਿਜ਼) ਬਿੱਲ, 2026 ਪੁਰਾਣੇ ਕਿਸ ਕਾਨੂੰਨ ਦੀ ਜਗ੍ਹਾ ਲੈਂਦਾ ਹੈ?

- **A.** ਦਿੱਲੀ ਰਾਈਟ ਆਫ ਸਿਟੀਜ਼ਨ ਟੂ ਟਾਈਮ-ਬਾਊਂਡ ਡਿਲਿਵਰੀ ਆਫ ਸਰਵਿਸਿਜ਼ ਐਕਟ, 2001
- **B.** ਦਿੱਲੀ ਰਾਈਟ ਆਫ ਸਿਟੀਜ਼ਨ ਟੂ ਟਾਇਮ-ਬਾਊਂਡ ਡਿਲੀਵਰੀ ਆਫ ਸਰਵਿਸਿਜ਼ ਐਕਟ, 2019
- **C.** ਦਿੱਲੀ ਰਾਈਟ ਆਫ ਸਿਟੀਜ਼ਨ ਟੂ ਟਾਈਮ-ਬਾਊਂਡ ਡਿਲਿਵਰੀ ਆਫ ਸਰਵਿਸਿਜ਼ ਐਕਟ, 2006
- **D.** ਦਿੱਲੀ ਰਾਇਟ ਆਫ ਸਿਟੀਜ਼ਨ ਟੂ ਟਾਈਮ-ਬਾਊਂਡ ਡਿਲਿਵਰੀ ਆਫ ਸਰਵਿਸਿਜ਼ ਐਕਟ, 2011 ✓

**Q49** General Awareness

ਸੁਪਰੀਮ ਕੋਰਟ ਨੇ ਸੰਵਿਧਾਨਕ ਸੋਧਾਂ ਸੰਬੰਧੀ "ਮੂਲ ਢਾਂਚੇ ਦੇ ਸਿਧਾਂਤ" (Basic Structure Doctrine) ਨੂੰ ਕਿਸ ਇਤਿਹਾਸਕ ਮਾਮਲੇ ਵਿੱਚ ਪ੍ਰਸਤਾਵਿਤ ਕੀਤਾ?

- **A.** ਕੇਸ਼ਵਾਨੰਦ ਭਾਰਤੀ ਬਨਾਮ ਕੇਰਲ ਰਾਜ ✓
- **B.** ਇੰਦਰਾ ਗਾਂਧੀ ਬਨਾਮ ਰਾਜ ਨਰਾਇਣ
- **C.** ਮਿਨਰਵਾ ਮਿੱਲਜ਼ ਬਨਾਮ ਭਾਰਤ ਸੰਘ
- **D.** ਗੋਲਕਨਾਥ ਬਨਾਮ ਪੰਜਾਬ ਰਾਜ

**Q50** General Awareness

8-23 ਅਪ੍ਰੈਲ 2026 ਦੌਰਾਨ ਆਯੋਜਿਤ ਹੋਇਆ ਯੂਨੈਸਕੋ ਕਾਰਜਕਾਰੀ ਬੋਰਡ ਦਾ 224ਵਾਂ ਸੈਸ਼ਨ ਕਿਹੜੇ ਸ਼ਹਿਰ ਵਿੱਚ ਹੋਇਆ?

- **A.** ਮੈਡ੍ਰਿਡ, ਸਪੇਨ (Madrid, Spain)
- **B.** ਬ੍ਰਸੇਲਜ਼, ਬੈਲਜੀਅਮ (Brussels, Belgium)
- **C.** ਰੋਮ, ਇਟਲੀ (Rome, Italy)
- **D.** ਪੈਰਿਸ, ਫਰਾਂਸ (Paris, France) ✓

## Mathematics

35 Questions • Answer Key

**Q51** Mathematics

ਉਸ ਵਰਗ ਦਾ ਖੇਤਰਫਲ ਪਤਾ ਕਰੋ, ਜਿਸਦਾ ਖੇਤਰਫਲ, 23 cm ਆਧਾਰ ਅਤੇ 12 cm ਸੰਗਤ ਉਚਾਈ ਵਾਲੇ ਤਿਕੋਣ ਦੇ ਖੇਤਰਫਲ ਤੋਂ ਦੁੱਗਣਾ ਹੈ।

- **A.** 276 $cm^2$ ✓
- **B.** 256 $cm^2$
- **C.** 204 $cm^2$
- **D.** 218 $cm^2$

**Q52** Mathematics

ਇੱਕ ਪਾਣੀ ਵਾਲਾ ਟੈਂਕ ਘਣਾਵਕਾਰ ਆਕਾਰ ਦਾ ਹੈ, ਜਿਸਦੀ ਲੰਬਾਈ 15 m ਅਤੇ ਚੌੜਾਈ 12 m ਹੈ। ਟੈਂਕ ਦੇ ਫਰਸ਼ ਅਤੇ ਛੱਤ ਦੇ ਖੇਤਰਫਲ ਦਾ ਜੋੜ, ਟੈਂਕ ਦੀਆਂ ਚਾਰ ਕੰਧਾਂ ਦੇ ਖੇਤਰਫਲ ਦੇ ਬਰਾਬਰ ਹੁੰਦਾ ਹੈ। ਇਸ ਟੈਂਕ ਵਿੱਚ ਕਿੰਨੇ ਲੀਟਰ ਮੀਂਹ ਦਾ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ?

- **A.** $1200 \times 10^3$ ਲੀਟਰ ✓
- **B.** $1000 \times 10^2$ ਲੀਟਰ
- **C.** $1200 \times 10^2$ ਲੀਟਰ
- **D.** 1200 ਲੀਟਰ

**Q53** Mathematics

ਇੱਕ ਵਿਦਿਆਰਥੀ ਦੇ ਅੰਕ ਗਲਤ ਢੰਗ ਨਾਲ 59 ਦੀ ਬਜਾਏ 68 ਦਰਜ ਕੀਤੇ ਗਏ ਸਨ। ਇਸਦੇ ਕਾਰਨ, ਜਮਾਤ ਦੇ ਔਸਤ ਅੰਕਾਂ ਵਿੱਚ 1.8 ਦਾ ਵਾਧਾ ਹੋਇਆ। ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ?

- **A.** 6
- **B.** 5 ✓
- **C.** 7
- **D.** 4

**Q54** Mathematics

ਰੇਖਾਵਾਂ AB ਅਤੇ CD ਸਮਾਂਤਰ ਹਨ, ਜਿਸ ਵਿੱਚ ਕਾਟਵੀਂ ਰੇਖਾ XY ਦੇ ਖੱਬੇ ਪਾਸੇ A ਅਤੇ C ਹਨ, ਅਤੇ ਸੱਜੇ ਪਾਸੇ B ਅਤੇ D ਹਨ। ਕਾਟਵੀਂ ਰੇਖਾ AB ਨੂੰ M 'ਤੇ ਅਤੇ CD ਨੂੰ N 'ਤੇ ਕੱਟਦੀ ਹੈ, ਜਿੱਥੇ X, M, N, ਅਤੇ Y ਉਸੇ ਕ੍ਰਮ ਵਿੱਚ ਇੱਕ-ਰੇਖੀ ਹਨ। ਜੇਕਰ $\angle XMA=125°$ ਦਾ ਮਾਪ ਹੈ, ਤਾਂ $\angle CNY$ ਦਾ ਮਾਪ ਪਤਾ ਕਰੋ।

- **A.** 50 °
- **B.** 55 ° ✓
- **C.** 52 °
- **D.** 58 °

Blackbook Vocabulary — Now in the App! ▶ Download Now on Google Play

**Q55** Mathematics

A, B ਅਤੇ C ਮਿਲ ਕੇ ਇੱਕ ਕੰਮ ਨੂੰ 37 ਦਿਨਾਂ ਵਿੱਚ ਪੂਰਾ ਕਰ ਸਕਦੇ ਹਨ। B ਅਤੇ C ਮਿਲ ਕੇ ਉਸੇ ਕੰਮ ਨੂੰ 74 ਦਿਨਾਂ ਵਿੱਚ ਪੂਰਾ ਕਰ ਸਕਦੇ ਹਨ। B ਦੀ ਕਾਰਜਕੁਸ਼ਲਤਾ A ਨਾਲੋਂ 50% ਵੱਧ ਹੈ। A, B ਅਤੇ C ਮਿਲ ਕੇ 28 ਦਿਨਾਂ ਤੱਕ ਕੰਮ ਕਰਦੇ ਹਨ। B ਇਕੱਲਾ ਬਾਕੀ ਬਚੇ ਕੰਮ ਨੂੰ ਕਿੰਨੇ ਦਿਨਾਂ ਵਿੱਚ ਪੂਰਾ ਕਰੇਗਾ?

- **A. 12 ਦਿਨ** ✓
- B. 13 ਦਿਨ
- C. 14 ਦਿਨ
- D. 9 ਦਿਨ

**Q56** Mathematics

ਇੱਕ ਦੁਕਾਨਦਾਰ ₹400 ਵਿੱਚ ਇੱਕੋ ਜਿਹੀਆਂ 20 ਵਸਤੂਆਂ ਖਰੀਦਦਾ ਹੈ। ਜੇਕਰ ਸਾਰੀਆਂ ਵਸਤੂਆਂ ਦਾ ਵੇਚ ਮੁੱਲ ਇੱਕ ਸਮਾਨ ਹੋਵੇ, ਤਾਂ 25% ਦਾ ਲਾਭ ਕਮਾਉਣ ਲਈ, ਉਸਨੂੰ ਕਿੰਨੀਆਂ ਵਸਤੂਆਂ ਨੂੰ ₹400 ਵਿੱਚ ਵੇਚਣਾ ਚਾਹੀਦਾ ਹੈ?

- A. 15
- B. 20
- C. 18
- **D. 16** ✓

**Q57** Mathematics

(−37) + (−56) ÷ (−3) × 3 ਦਾ ਮੁਲਾਂਕਣ ਕਰੋ।

- **A. 19** ✓
- B. 17
- C. 15
- D. 21

**Q58** Mathematics

2025 m ਦੀ ਇੱਕ ਚੱਕਰਾਕਾਰ ਦੌੜ ਵਿੱਚ, ਕੁਸ਼ਲ ਅਤੇ ਯਾਮਿਨੀ ਇੱਕੋ ਬਿੰਦੂ ਤੋਂ ਅਤੇ ਇੱਕੋ ਸਮੇਂ ਕ੍ਰਮਵਾਰ 33km/h ਅਤੇ 36 km/h ਦੀ ਚਾਲ ਨਾਲ ਦੌੜਨਾ ਸ਼ੁਰੂ ਕਰਦੇ ਹਨ। ਜੇਕਰ ਉਹ ਇੱਕੋ ਦਿਸ਼ਾ ਵਿੱਚ ਦੌੜ ਰਹੇ ਹਨ, ਤਾਂ ਉਹ ਟ੍ਰੈਕ 'ਤੇ ਪਹਿਲੀ ਵਾਰ ਕਿੰਨੇ ਸਮੇਂ ਬਾਅਦ ਦੁਬਾਰਾ ਮਿਲਣਗੇ?

- A. 2434 ਸਕਿੰਟ
- B. 2438 ਸਕਿੰਟ
- **C. 2430 ਸਕਿੰਟ** ✓
- D. 2426 ਸਕਿੰਟ

**Q59** Mathematics

The mean of a data is 41 and its median is 50. The mode (using empirical relation) of the data is:

- **A. 68** ✓
- B. 150
- C. 91
- D. 156

**Q60** Mathematics

ਇੱਕ ਸਟੇਸ਼ਨਰੀ ਦੀ ਦੁਕਾਨ 'ਤੇ ਨੋਟਬੁੱਕ ਅਤੇ ਪੈੱਨ ਵਿਕਦੇ ਹਨ। ਮੰਨ ਲਓ ਕਿ 5 ਨੋਟਬੁੱਕਾਂ ਅਤੇ 3 ਪੈੱਨਾਂ ਦਾ ਮੁੱਲ ₹146 ਹੈ, ਜਦੋਂ ਕਿ 7 ਨੋਟਬੁੱਕਾਂ ਅਤੇ 2 ਪੈੱਨਾਂ ਦਾ ਮੁੱਲ ₹178 ਹੈ। ਜੇਕਰ ਕੋਈ ਵਿਦਿਆਰਥੀ 4 ਨੋਟਬੁੱਕ ਅਤੇ 6 ਪੈੱਨ ਖਰੀਦਦਾ ਹੈ, ਤਾਂ ਵਿਦਿਆਰਥੀ ਨੂੰ ਕਿੰਨਾ ਭੁਗਤਾਨ ਕਰਨਾ ਪਵੇਗਾ?

- **A. ₹160** ✓
- B. ₹176
- C. ₹154
- D. ₹168

**Q61** Mathematics

ਜੇਕਰ ਤਿੰਨ ਸੰਖਿਆਵਾਂ ਦੀ ਔਸਤ 15 ਹੈ ਅਤੇ ਉਹਨਾਂ ਵਿੱਚੋਂ ਦੋ ਸੰਖਿਆਵਾਂ 10 ਅਤੇ 20 ਹਨ, ਤਾਂ ਤੀਜੀ ਸੰਖਿਆ ਕਿੰਨੀ ਹੈ?

- A. 25
- **B. 15** ✓
- C. 10
- D. 20

**Q62** Mathematics

ਇੱਕ ਸਥਾਨ ਤੋਂ 1.45 km ਦੀ ਦੂਰੀ 'ਤੇ ਇੱਕ ਬੰਦੂਕ ਚਲਾਈ ਜਾਂਦੀ ਹੈ। ਉਸਦੀ ਆਵਾਜ਼ 5 ਸੈਕਿੰਟਾਂ ਬਾਅਦ ਸੁਣੀ ਜਾਂਦੀ ਹੈ। ਆਵਾਜ਼ ਦੀ ਚਾਲ (m/s ਵਿੱਚ) ਪਤਾ ਕਰੋ।

- A. 300 m/s
- B. 240 m/s
- **C. 290 m/s** ✓
- D. 145 m/s

Blackbook Vocabulary — Now in the App! ► Download Now on Google Play

generated by rank.qmaths.in

**Q63** Mathematics

A ਅਤੇ B ਮਿਲ ਕੇ ਇੱਕ ਕੰਮ ਨੂੰ 24 ਦਿਨਾਂ ਵਿੱਚ ਪੂਰਾ ਕਰਦੇ ਹਨ। ਜੇਕਰ A ਇਕੱਲਾ ਇਸ ਕੰਮ ਨੂੰ 60 ਦਿਨਾਂ ਵਿੱਚ ਪੂਰਾ ਕਰ ਸਕਦਾ ਹੈ, ਤਾਂ B ਇਕੱਲਾ ਉਸੇ ਕੰਮ ਦਾ ਇੱਕ-ਚੌਥਾਈ ਹਿੱਸਾ ਕਿੰਨੇ ਦਿਨਾਂ ਵਿੱਚ ਪੂਰਾ ਕਰੇਗਾ?

- A. 10 ✓
- B. 12
- C. 9
- D. 8

**Q64** Mathematics

ਇੱਕ ਦੁਕਾਨਦਾਰ ਆਪਣੀਆਂ ਵਸਤੂਆਂ ਨੂੰ 5% ਹਾਨੀ 'ਤੇ ਵੇਚਣ ਦਾ ਦਾਅਵਾ ਕਰਦਾ ਹੈ ਪਰ ਇੱਕ ਗਲਤ ਭਾਰ ਦੀ ਵਰਤੋਂ ਕਰਕੇ 40% ਲਾਭ ਕਮਾਉਂਦਾ ਹੈ। 1 kg ਦੇ ਸਥਾਨ 'ਤੇ ਉਹ ਅਸਲ ਵਿੱਚ ਕਿੰਨੇ ਭਾਰ (ਦਸ਼ਮਲਵ ਦੇ ਇੱਕ ਸਥਾਨ ਤੱਕ) ਦੀ ਵਰਤੋਂ ਕਰਦਾ ਹੈ?

- A. 680.9 gm
- B. 682.8 gm
- C. 678.6 gm ✓
- D. 675.3 gm

**Q65** Mathematics

ਇੱਕ ਦੁਕਾਨਦਾਰ ਖਰੀਦ ਮੁੱਲ 'ਤੇ 40% ਦੇ ਲਾਭ ਦੀ ਉਮੀਦ ਕਰਦਾ ਹੈ। ਜੇਕਰ ਇੱਕ ਹਫ਼ਤੇ ਵਿੱਚ ਉਸ ਦੀ ਕੁੱਲ ਵਿਕਰੀ ₹3,955 ਸੀ, ਤਾਂ ਉਸਦਾ ਲਾਭ (₹ ਵਿੱਚ) ਕਿੰਨਾ ਸੀ?

- A. 1,133
- B. 1,132
- C. 1,130 ✓
- D. 1,129

**Q66** Mathematics

11 − 12 ÷ 12 × 8 ਦਾ ਮੁਲਾਂਕਣ ਕਰੋ।

- A. 4
- B. 2
- C. 1
- D. 3 ✓

**Q67** Mathematics

ਜੇਕਰ A ਦਾ 25%, B ਦੇ 40% ਦੇ ਬਰਾਬਰ ਹੈ, ਅਤੇ B ਦਾ 30%, C ਦੇ 45% ਦੇ ਬਰਾਬਰ ਹੈ, ਤਾਂ A:B:C ਕਿੰਨਾ ਹੋਵੇਗਾ?

- A. 24:14:9
- B. 24:15:10 ✓
- C. 12:9:7
- D. 8:5:3

**Q68** Mathematics

₹620 ਦੀ ਧਨਰਾਸ਼ੀ 2 ਸਾਲਾਂ ਵਿੱਚ ਸਧਾਰਨ ਵਿਆਜ ਦੀ ਇੱਕ ਨਿਸ਼ਚਿਤ ਦਰ 'ਤੇ ₹910 ਬਣ ਜਾਂਦੀ ਹੈ। ਦਿੱਤੇ ਗਏ 2 ਸਾਲਾਂ ਲਈ ਵਿਆਜ (₹ ਵਿੱਚ) ਪਤਾ ਕਰੋ।

- A. 300
- B. 290 ✓
- C. 285
- D. 305

**Q69** Mathematics

Arrange the ratios in the ascending order: 6:7, 11:12, 21:23, 31:35, 43:45.

- A. 6:7, 31:35, 11:12, 43:45, 21:23
- B. 6:7, 11:12, 21:23, 31:35, 43:45
- C. 6:7, 31:35, 21:23, 11:12, 43:45 ✓
- D. 6:7, 31:35, 11:12, 21:23, 43:45

**Q70** Mathematics

ਕ੍ਰਿਸ਼ ਕੋਲ ₹1,352 ਹਨ, ਜਿਸਨੂੰ ਉਹ ਆਪਣੇ ਦੋ ਪੁੱਤਰਾਂ ਵੀਰ ਅਤੇ ਨਿਤਿਨ ਵਿਚਕਾਰ ਵੰਡਦਾ ਹੈ। ਦੋਵੇਂ ਆਪਣੀਆਂ-ਆਪਣੀਆਂ ਰਕਮਾਂ ਨੂੰ 8% ਦੀ ਸਾਲਾਨਾ ਮਿਸ਼ਰਿਤ ਵਿਆਜ ਦਰ'ਤੇ ਨਿਵੇਸ਼ ਕਰਦੇ ਹਨ। ਜੇਕਰ 18 ਸਾਲਾਂ ਬਾਅਦ ਵੀਰ ਅਤੇ 19 ਸਾਲਾਂ ਬਾਅਦ ਨਿਤਿਨ ਦੁਆਰਾ ਇਕੱਠੀ ਕੀਤੀ ਗਈ ਰਕਮ ਬਰਾਬਰ ਹੈ, ਤਾਂ ਕ੍ਰਿਸ਼ ਨੇ ਨਿਤਿਨ ਨੂੰ ਕਿੰਨੀ ਰਕਮ (₹ ਵਿੱਚ) ਦਿੱਤੀ?

- A. 702
- B. 500
- C. 802
- D. 650 ✓

Blackbook Vocabulary — Now in the App! ▶ Download Now on Google Play

**Q71** Mathematics

24 ਕਾਮਿਆਂ ਦੀ ਇੱਕ ਟੀਮ ਨੂੰ 15 ਦਿਨਾਂ ਵਿੱਚ ਇੱਕ ਕੰਮ ਪੂਰਾ ਕਰਨ ਲਈ ਨਿਯੁਕਤ ਕੀਤਾ ਗਿਆ ਹੈ। 1 ਦਿਨ ਕੰਮ ਕਰਨ ਤੋਂ ਬਾਅਦ, 8 ਕਾਮੇ ਕੰਮ ਛੱਡ ਦਿੰਦੇ ਹਨ। ਇਹ ਮੰਨਦੇ ਹੋਏ ਕਿ ਸਾਰੇ ਕਾਮੇ ਬਰਾਬਰ ਕੁਸ਼ਲ ਹਨ, ਬਾਕੀ ਕਾਮਿਆਂ ਨੂੰ ਬਚਿਆ ਕੰਮ ਪੂਰਾ ਕਰਨ ਲਈ ਕਿੰਨੇ ਹੋਰ ਦਿਨ ਲੱਗਣਗੇ?

A. 28 ਦਿਨ

B. 25 ਦਿਨ

C. 18 ਦਿਨ

D. 21 ਦਿਨ ✓

**Q72** Mathematics

ਭਾਗ ਦੇ ਇੱਕ ਸਵਾਲ ਵਿੱਚ, ਭਾਜਕ, ਭਾਗਫਲ ਦਾ 3 ਗੁਣਾ ਹੈ ਅਤੇ ਬਾਕੀ ਦਾ 8 ਗੁਣਾ ਹੈ। ਜੇਕਰ ਬਾਕੀ 12 ਹੈ, ਤਾਂ ਲਾਭਅੰਸ਼ ਕਿੰਨਾ ਹੈ?

A. 3072

B. 3066

C. 3084 ✓

D. 3048

**Q73** Mathematics

ਇੱਕ ਸਾਈਕਲ ਸਵਾਰ ਪਹਿਲੇ 30 km, 20 km/h ਦੀ ਚਾਲ ਨਾਲ, ਅਗਲੇ 50 km, 25 km/h ਦੀ ਚਾਲ ਨਾਲ, ਅਤੇ ਆਖਰੀ 20 km, 10 km/h ਦੀ ਚਾਲ ਨਾਲ ਤੈਅ ਕਰਦਾ ਹੈ। ਪੂਰੇ 100 km ਦੇ ਸਫ਼ਰ (ਨਿਕਟਤਮ ਸੰਪੂਰਨ ਸੰਖਿਆ ਤੱਕ) ਲਈ ਸਾਈਕਲ ਸਵਾਰ ਦੀ ਔਸਤ ਚਾਲ ਪਤਾ ਕਰੋ।

A. 19 km/h

B. 20 km/h

C. 21 km/h

D. 18 km/h ✓

**Q74** Mathematics

ਕੋਈ ਧਨਰਾਸ਼ੀ A, B, ਅਤੇ C ਵਿੱਚ ਇਸ ਤਰ੍ਹਾਂ ਵੰਡੀ ਜਾਂਦੀ ਹੈ ਕਿ A ਨੂੰ B ਨਾਲੋਂ ਦੁੱਗਣਾ ਅਤੇ B ਨੂੰ C ਨਾਲੋਂ ਤਿੰਨ ਗੁਣਾ ਹਿੱਸਾ ਮਿਲਦਾ ਹੈ। ਜੇਕਰ ਕੁੱਲ ਧਨਰਾਸ਼ੀ ₹720 ਹੈ, ਤਾਂ C ਨੂੰ ਕਿੰਨਾ ਹਿੱਸਾ ਮਿਲੇਗਾ?

A. ₹84

B. ₹96

C. ₹60

D. ₹72 ✓

**Q75** Mathematics

ਜੇਕਰ 5 ਕਾਮੇ, ਪ੍ਰਤੀ ਦਿਨ 8 ਘੰਟੇ ਕੰਮ ਕਰਕੇ 12 ਦਿਨਾਂ ਵਿੱਚ 2400 ਯੂਨਿਟਾਂ ਦਾ ਉਤਪਾਦਨ ਕਰਦੇ ਹਨ, ਤਾਂ ਇਹ ਮੰਨ ਕੇ ਕਿ ਹਰੇਕ ਕਾਮੇ ਦੀ ਉਤਪਾਦਕਤਾ ਸਥਿਰ ਰਹਿੰਦੀ ਹੈ, 10 ਕਾਮੇ, ਪ੍ਰਤੀ ਦਿਨ 8 ਘੰਟੇ ਕੰਮ ਕਰਕੇ 12 ਦਿਨਾਂ ਕਿੰਨੀਆਂ ਯੂਨਿਟਾਂ ਦਾ ਉਤਪਾਦਨ ਕਰਨਗੇ?

A. 4800 ਯੂਨਿਟਾਂ ✓

B. 6000 ਯੂਨਿਟਾਂ

C. 2400 ਯੂਨਿਟਾਂ

D. 3600 ਯੂਨਿਟਾਂ

**Q76** Mathematics

ਦੋ ਦੋਸਤਾਂ ਮੋਹਨ ਅਤੇ ਡੇਵਿਡ ਦੀ ਮਹੀਨਾਵਾਰ ਆਮਦਨ ਕ੍ਰਮਵਾਰ 6 : 8 ਦੇ ਅਨੁਪਾਤ ਵਿੱਚ ਹੈ ਅਤੇ ਇਹਨਾਂ ਵਿੱਚੋਂ ਹਰੇਕ ਮਹੀਨੇ ₹51,000 ਦੀ ਬਚਤ ਹੁੰਦੀ ਹੈ। ਜੇਕਰ ਉਹਨਾਂ ਦੇ ਮਹੀਨਾਵਾਰ ਖਰਚੇ ਦਾ ਅਨੁਪਾਤ 2 : 4 ਹੈ, ਤਾਂ ਮੋਹਨ ਦੀ ਮਹੀਨਾਵਾਰ ਆਮਦਨ (₹ ਵਿੱਚ) ਪਤਾ ਕਰੋ।

A. 75,500

B. 77,500

C. 76,500 ✓

D. 1,07,100

**Q77** Mathematics

ਸੰਖਿਆਵਾਂ 3,77 ਅਤੇ 33 ਦਾ LCM ਪਤਾ ਕਰੋ।

A. 77

B. 231 ✓

C. 242

D. 462

**Q78** Mathematics

A laptop is marked at ₹45,000. A shopkeeper offers a discount of 25% on the marked price. After the discount, the laptop is sold with an additional 10% tax on the selling price. What is the final price of the laptop after the discount and tax?

A. ₹37,500

B. ₹34,650

C. ₹33,750

D. ₹37,125 ✓

Blackbook Vocabulary — Now in the App! ▶ Download Now on Google Play

generated by rank.qmaths.in

**Q79** Mathematics

ਕਿਸੇ ਸੰਖਿਆ ਦਾ 7%, ਉਸੇ ਸੰਖਿਆ ਦੇ 9% ਦਾ ਕਿੰਨਾ ਪ੍ਰਤੀਸ਼ਤ ਹੈ? (ਦਸ਼ਮਲਵ ਦੇ ਦੋ ਸਥਾਨਾਂ ਤੱਕ)

A. 43.75%

B. 77.78% ✓

C. 78.57%

D. 21.87%

**Q80** Mathematics

54 cm × 44 cm × 30 cm ਦੇ ਮਾਪ ਵਾਲੇ ਸੀਸੇ ਦੇ ਇੱਕ ਠੋਸ ਘਣਾਵ ਤੋਂ 3 cm ਅਰਧ-ਵਿਆਸ ਵਾਲੀਆ ਕਿੰਨੀਆਂ ਛੋਟੀਆਂ ਗੋਲੀਆਂ ਬਣਾਈਆਂ ਜਾ ਸਕਦੀਆਂ ਹਨ? $\left(\text{Take } \pi = \frac{22}{7}\right)$

A. 600

B. 630 ✓

C. 620

D. 640

**Q81** Mathematics

ਜੇਕਰ $5\sin y + \cos y = \sqrt{13}\sin y$ ਹੈ, ਤਾਂ tan y ਦਾ ਮੁੱਲ ਪਤਾ ਕਰੋ।

A. $\frac{-5-\sqrt{13}}{22}$

B. $\frac{-6-\sqrt{13}}{12}$

C. $\frac{-5-\sqrt{13}}{12}$ ✓

D. $\frac{-5-\sqrt{13}}{17}$

**Q82** Mathematics

ਇੱਕ ਅਰਧ-ਗੋਲਾਕਾਰ ਕਟੋਰੇ ਦੀ ਕੁੱਲ ਸਤ੍ਹਾ ਦਾ ਖੇਤਰਫਲ ਪਤਾ ਕਰੋ ਜਿਸਦਾ ਆਇਤਨ $7.065\ m^3$ ਹੈ। $(\pi = 3.14)$ ਦੀ ਵਰਤੋਂ ਕਰੋ।

A. 21.195 $m^2$ ✓

B. 35.125 $m^2$

C. 18.125 $m^2$

D. 28.365 $m^2$

Blackbook Vocabulary — Now in the App! ▶ Download Now on Google Play

generated by rank.qmaths.in

**Q83** Mathematics

$2^{0.5}$, $2^{1.5}$ ਅਤੇ $2^{2.5}$ ਦਾ ਚੌਥਾ ਸਮਾਨ-ਅਨੁਪਾਤੀ ਪਤਾ ਕਰੋ।

A. $2^4$

B. $2^{0.5}$

C. $2^2$

D. $2^{3.5}$ ✓

**Q84** Mathematics

Consider the data set: 4, 8, 6, 5, 3, 9. Find the variance.

A. $\frac{161}{35}$

B. $\frac{151}{36}$

C. $\frac{161}{36}$ ✓

D. $\frac{151}{35}$

**Q85** Mathematics

Find the total number of prime factors of the number $5^8 \times 6^7 \times 11^4$

A. 28

B. 22

C. 26 ✓

D. 30

## General Intelligence & Reasoning

35 Questions • Answer Key

**Q86** General Intelligence & Reasoning

ਹੇਠਾਂ ਦਿੱਤੀ ਸੰਖਿਆ ਅਤੇ ਚਿੰਨ੍ਹ ਲੜੀ ਦੇ ਹਵਾਲੇ ਤੋਂ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। (ਗਣਨਾਵਾਂ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਹੀ ਕਰਨੀਆਂ ਹਨ। ਸਾਰੀਆਂ ਸੰਖਿਆਵਾਂ ਸਿਰਫ ਇੱਕ ਅੰਕ ਵਾਲੀਆਂ ਸੰਖਿਆਵਾਂ ਹਨ)

(ਖੱਬਾ) ? / & @ 9 # @ % * / \ $ % * < & 5 5 2 > 3 (ਸੱਜਾ)

ਅਜਿਹੀਆਂ ਕਿੰਨੀਆਂ ਸੰਖਿਆਵਾਂ ਹਨ ਜਿਨ੍ਹਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਚਿੰਨ੍ਹ ਹੈ ਅਤੇ ਠੀਕ ਬਾਅਦ ਇੱਕ ਚਿੰਨ੍ਹ ਹੈ?

A. ਤਿੰਨ

B. ਇੱਕ ✓

C. ਦੋ

D. ਕੋਈ ਨਹੀਂ

**Q87** General Intelligence & Reasoning

ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ, ਹੇਠਾਂ ਦਿੱਤੇ ਚਾਰ ਅੱਖਰ-ਸਮੂਹ ਜੋੜਿਆਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ।ਕਿਹੜਾ ਇੱਕ ਉਸ ਸਮੂਹ ਨਾਲ ਸੰਬੰਧਿਤ ਨਹੀਂ ਹੈ? (ਨੋਟ ਕਰੋ : ਅਸੰਗਤ ਜੋੜਾ, ਅੱਖਰ-ਸਮੂਹ ਵਿੱਚ ਵਿਅੰਜਨਾਂ/ਸਵਰਾਂ ਦੀ ਸੰਖਿਆ ਜਾਂ ਉਹਨਾਂ ਦੇ ਸਥਾਨ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ ਹੈ।)

A. KD – HB ✓

B. CA – BZ

C. GJ – FI

D. JK – IJ

Blackbook Vocabulary — Now in the App! ► Download Now on Google Play

**Q88** General Intelligence & Reasoning

A × Y ਦਾ ਅਰਥ ਹੈ "A, Y ਦੀ ਮਾਂ ਹੈ"।
A – Y ਦਾ ਅਰਥ ਹੈ "A, Y ਦੀ ਧੀ ਹੈ"।
A $ Y ਦਾ ਅਰਥ ਹੈ "A, Y ਦਾ ਪਿਤਾ ਹੈ"।
A @ Y ਦਾ ਅਰਥ ਹੈ "A, Y ਦਾ ਪਤੀ ਹੈ"।

ਜੇਕਰ 'B @ Z – E $ Q' ਹੈ, ਤਾਂ B ਦਾ Q ਨਾਲ ਕੀ ਸਬੰਧ ਹੈ?

A. ਭੈਣ ਦਾ ਪਤੀ ✓
B. ਭਰਾ ਦੀ ਪਤਨੀ
C. ਪਿਤਾ ਦੀ ਭੈਣ
D. ਪੁੱਤਰ ਦੀ ਪਤਨੀ

**Q89** General Intelligence & Reasoning

ਜੇਕਰ 'A' ਦਾ ਅਰਥ '÷' ਹੈ, 'B' ਦਾ ਅਰਥ '×' ਹੈ, 'C' ਦਾ ਅਰਥ '+' ਹੈ ਅਤੇ 'D' ਦਾ ਅਰਥ '–' ਹੈ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਵੇਗਾ?
67 C 3 B 19 C (84 A 2) D 6 = ?

A. 160 ✓
B. 154
C. 172
D. 173

**Q90** General Intelligence & Reasoning

ਹੇਠ ਲਿਖਿਆਂ ਵਿਚੋਂ ਕਿਹੜਾ ਅੱਖਰ-ਸੰਖਿਆ ਸਮੂਹ ਦਿੱਤੀ ਗਈ ਲੜੀ ਨੂੰ ਤਰਕਸੰਗਤ ਤੌਰ 'ਤੇ ਪੂਰਾ ਕਰਨ ਲਈ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਆਵੇਗਾ?

WOG 147, BKB 163, GGW 179, LCR 195, QYM 211, ?

A. VUH 227 ✓
B. UTF 227
C. VWG 225
D. WVG 225

**Q91** General Intelligence & Reasoning

ਉਸ ਜੋੜੇ ਦੀ ਚੋਣ ਕਰੋ ਜੋ ਹੇਠਾਂ ਦਿੱਤੇ ਗਏ ਦੋਵੇਂ ਜੋੜਿਆਂ ਦੇ ਸਮਾਨ ਪੈਟਰਨ ਦੀ ਪਾਲਣਾ ਕਰਦਾ ਹੈ। ਦੋਵੇਂ ਜੋੜੇ ਇੱਕ ਹੀ ਪੈਟਰਨ ਦੀ ਪਾਲਣਾ ਕਰਦੇ ਹਨ।
LIF : HEB
WUH : SQD

A. JLG : EGC
B. HRP : DOL
C. KOT : GKQ
D. TQV : PMR ✓

**Q92** General Intelligence & Reasoning

ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ ਹੇਠਾਂ ਦਿੱਤੀ ਗਈ ਲੜੀ ਵਿੱਚ ? ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

EKP GMR IOT KQV ?

A. MRY
B. MRX
C. MSY
D. MSX ✓

**Q93** General Intelligence & Reasoning

ਹੇਠ ਦਿੱਤੀ ਅੱਖਰ ਅਤੇ ਚਿੰਨ੍ਹ ਲੜੀ ਦੇਖੋ ਅਤੇ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ।

(ਖੱਬੇ) M K * J & H ^ G % F $ D # S @ S ! Z + ? N (ਸੱਜੇ)

ਜੇਕਰ ਲੜੀ ਵਿੱਚੋਂ ਸਾਰੇ ਅੱਖਰ ਹਟਾ ਦਿੱਤੇ ਜਾਣ, ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਸੱਜੇ ਤੋਂ ਨੌਵਾਂ ਹੋਵੇਗਾ?

A. %
B. & ✓
C. @
D. #

**Q94** General Intelligence & Reasoning

ਇਸ ਪ੍ਰਸ਼ਨ ਵਿੱਚ, ਇੱਕ ਪ੍ਰਸ਼ਨ ਤੋਂ ਬਾਅਦ (I) ਅਤੇ (II) ਨੰਬਰ ਵਾਲੇ ਦੋ ਕਥਨ ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡੇਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਾਂ ਨਹੀਂ। ਦੋਵੇਂ ਕਥਨਾਂ ਨੂੰ ਪੜ੍ਹੋ ਅਤੇ ਢੁਕਵੇਂ ਉੱਤਰ ਦਾ ਫੈਸਲਾ ਕਰੋ।

ਪ੍ਰਸ਼ਨ:
5 ਖੰਭਿਆਂ F, I, S, C ਅਤੇ L ਵਿੱਚੋਂ ਹਰੇਕ ਦੀ ਉਚਾਈ ਵੱਖੋ-ਵੱਖਰੀ ਹੈ, ਕਿਹੜਾ ਖੰਭਾ ਸਭ ਤੋਂ ਛੋਟਾ ਹੈ?

ਕਥਨ:
(I) S ਸਿਰਫ਼ ਦੋ ਖੰਭਿਆਂ ਨਾਲੋਂ ਉੱਚਾ ਹੈ। F, S ਤੋਂ ਛੋਟਾ ਹੈ ਅਤੇ I, F ਤੋਂ ਛੋਟਾ ਹੈ।
(II) C, L ਤੋਂ ਉੱਚਾ ਹੈ।

A. ਦੋਵੇਂ ਕਥਨ I ਅਤੇ II ਇਕੱਠੇ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹਨ
B. ਸਿਰਫ਼ ਕਥਨ I ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ II ਦਾ ਡੇਟਾ ਕਾਫ਼ੀ ਨਹੀਂ ਹੈ ✓
C. ਦੋਵੇਂ ਕਥਨ I ਅਤੇ II ਇਕੱਠੇ (ਅਤੇ ਸਿਰਫ਼ ਕਥਨ I ਜਾਂ ਸਿਰਫ਼ ਕਥਨ II ਨਹੀਂ) ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹਨ
D. ਸਿਰਫ਼ ਕਥਨ II ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ I ਦਾ ਡੇਟਾ ਕਾਫ਼ੀ ਨਹੀਂ ਹੈ

Blackbook Vocabulary — Now in the App! ▶ Download Now on Google Play

**Q95** General Intelligence & Reasoning

A, B, C, D, E, F ਅਤੇ G ਇੱਕ ਚੱਕਰਾਕਾਰ ਮੇਜ਼ ਦੇ ਦੁਆਲੇ ਉਸਦੇ ਕੇਂਦਰ ਵੱਲ ਮੂੰਹ ਕਰਕੇ ਬੈਠੇ ਹਨ। G, A ਦੇ ਖੱਬੇ ਪਾਸੇ ਦੂਜੇ ਸਥਾਨ 'ਤੇ ਬੈਠਾ ਹੈ। A, F ਦੇ ਖੱਬੇ ਪਾਸੇ ਤੀਜੇ ਸਥਾਨ 'ਤੇ ਬੈਠਾ ਹੈ। G, E ਦੇ ਠੀਕ ਸੱਜੇ ਪਾਸੇ ਬੈਠਾ ਹੈ। B, D ਦੇ ਠੀਕ ਖੱਬੇ ਪਾਸੇ ਬੈਠਾ ਹੈ। E ਦੇ ਸੰਦਰਭ ਵਿੱਚ F ਦਾ ਸਥਾਨ ਕੀ ਹੈ?

A. ਖੱਬੇ ਤੋਂ ਦੂਜਾ

B. ਠੀਕ ਖੱਬੇ ✓

C. ਸੱਜੇ ਤੋਂ ਦੂਜਾ

D. ਠੀਕ ਸੱਜੇ

**Q96** General Intelligence & Reasoning

ਜੇਕਰ 'P' ਦਾ ਅਰਥ '×' ਹੈ, 'Q' ਦਾ ਅਰਥ '÷' ਹੈ, 'R' ਦਾ ਅਰਥ '−' ਹੈ ਅਤੇ 'S' ਦਾ ਅਰਥ '+' ਹੈ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਵੇਗਾ?

12 P 9 S (98 Q 7) P 3 R 25 = ?

A. 142

B. 133

C. 198

D. 125 ✓

**Q97** General Intelligence & Reasoning

ਹੇਠਾਂ ਦੋ ਸੰਖਿਆਵਾਂ ਦੇ ਸੈੱਟ ਦਿੱਤੇ ਗਏ ਹਨ। ਹਰੇਕ ਸੰਖਿਆ ਦੇ ਸੈੱਟ ਵਿੱਚ, ਪਹਿਲੀ ਸੰਖਿਆ 'ਤੇ ਕੁਝ ਖ਼ਾਸ ਗਣਿਤਿਕ ਕਿਰਿਆਵਾਂ ਕੀਤੀਆਂ ਗਈਆਂ ਹਨ ਜਿਸ ਨਾਲ ਦੂਜੀ ਸੰਖਿਆ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ, ਦੂਜੀ ਸੰਖਿਆ 'ਤੇ ਕੁਝ ਖ਼ਾਸ ਗਣਿਤਿਕ ਕਿਰਿਆਵਾਂ ਕਰਨ ਨਾਲ ਤੀਜੀ ਸੰਖਿਆ ਪ੍ਰਾਪਤ ਹੁੰਦੀ ਹੈ ਅਤੇ ਇਹ ਕ੍ਰਮ ਇਸੇ ਤਰਾਂ ਹੀ ਅੱਗੇ ਵੀ ਜਾਰੀ ਰਹਿੰਦਾ ਹੈ। ਹੇਠਾਂ ਦਿੱਤੇ ਵਿਕਲਪਾਂ ਵਿਚੋਂ ਕਿਹੜੇ ਸੈੱਟ ਵਿੱਚ ਦਿੱਤੇ ਗਏ ਸੈੱਟ ਵਾਲੀਆਂ ਗਣਿਤਿਕ ਕਿਰਿਆਵਾਂ ਦੀ ਪਾਲਣਾ ਕੀਤੀ ਗਈ ਹੈ?

(ਨੋਟ : ਸੰਖਿਆਵਾਂ ਨੂੰ ਇਹਨਾਂ ਦੇ ਘਟਕ ਅੰਕਾਂ ਵਿੱਚ ਵੱਖ ਕੀਤੇ ਬਿਨਾ, ਗਣਿਤਕ ਕਿਰਿਆਵਾਂ ਪੂਰਨ ਸੰਖਿਆਵਾਂ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। 13 ਨੂੰ ਉਦਾਹਰਨ ਵਜੋਂ ਲੈਂਦੇ ਹੋਏ, 13 ਉੱਤੇ ਗਣਿਤਕ ਕਿਰਿਆਵਾਂ ਜਿਵੇਂ ਜੋੜ/ਘਟਾਓ/ਗੁਣਾ ਆਦਿ 13 ਉੱਤੇ ਹੀ ਕੀਤੀਆਂ ਜਾ ਸਕਦੀਆਂ ਹਨ। 13 ਨੂੰ 1 ਅਤੇ 3 ਵਿੱਚ ਵੱਖ ਕਰਨਾ ਅਤੇ ਫਿਰ 1 ਅਤੇ 3 ਉੱਤੇ ਗਣਿਤਕ ਕਿਰਿਆਵਾਂ ਕਰਨ ਦੀ ਆਗਿਆ ਨਹੀਂ ਹੈ।)

3 – 9 – 27 – 32 ;
4 – 16 – 48 – 53

A. 6-36-72-80

B. 8-64-128-150

C. 7 -49-98-145

D. 5 -25-75-80 ✓

**Q98** General Intelligence & Reasoning

ਸੱਤ ਡੱਬੇ, A, B, C, D, E, F ਅਤੇ G, ਇੱਕ ਦੂਜੇ ਦੇ ਉੱਪਰ ਰੱਖੇ ਗਏ ਹਨ, ਪਰ ਜ਼ਰੂਰੀ ਨਹੀਂ ਕਿ ਇਸੇ ਕ੍ਰਮ ਵਿੱਚ ਰੱਖੇ ਗਏ ਹੋਣ। G ਨੂੰ ਹੇਠਾਂ ਤੋਂ ਤੀਜੇ ਸਥਾਨ 'ਤੇ ਰੱਖਿਆ ਗਿਆ ਹੈ। G ਅਤੇ C ਦੇ ਵਿਚਕਾਰ ਸਿਰਫ਼ ਦੋ ਡੱਬੇ ਰੱਖੇ ਗਏ ਹਨ। ਸਿਰਫ਼ F ਨੂੰ B ਤੋਂ ਹੇਠਾਂ ਰੱਖਿਆ ਗਿਆ ਹੈ। E ਨੂੰ A ਦੇ ਠੀਕ ਹੇਠਾਂ ਰੱਖਿਆ ਗਿਆ ਹੈ। ਕਿਹੜਾ ਡੱਬਾ ਉੱਪਰ ਤੋਂ ਚੌਥਾ ਹੈ?

A. F

B. B

C. E ✓

D. A

**Q99** General Intelligence & Reasoning

VZNT ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਅਧਾਰ 'ਤੇ ਇੱਕ ਖਾਸ ਤਰੀਕੇ ਨਾਲ UYMS ਨਾਲ ਸੰਬੰਧਿਤ ਹੈ। ਇਸੇ ਤਰ੍ਹਾਂ RJKS ਦਾ ਸਬੰਧ QIJR ਨਾਲ ਹੈ। ਇਸੇ ਤਰਕ ਦੀ ਪਾਲਣਾ ਕਰਦੇ ਹੋਏ, ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ AFLM ਕਿਸ ਨਾਲ ਸੰਬੰਧਿਤ ਹੈ?

A. YDJK

B. ZGML

C. ZEKL ✓

D. BGMN

**Q100** General Intelligence & Reasoning

ਜੇਕਰ FANTAIL ਸ਼ਬਦ ਦੇ ਹਰੇਕ ਸਵਰ ਨੂੰ ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਵਿੱਚ ਇਸਦੇ ਠੀਕ ਬਾਅਦ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ ਅਤੇ ਹਰੇਕ ਵਿਅੰਜਨ ਨੂੰ ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਵਿੱਚ ਇਸਦੇ ਠੀਕ ਪਹਿਲਾਂ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ ਤਾਂ ਇਸ ਤਰ੍ਹਾਂ ਬਣੇ ਅੱਖਰਾਂ ਦੇ ਸਮੂਹ ਵਿੱਚ ਕਿੰਨੇ ਅੱਖਰ ਠੀਕ ਦੋ ਵਾਰ ਦਿਖਾਈ ਦੇਣਗੇ?

A. ਤਿੰਨ

B. ਇੱਕ ✓

C. ਦੋ

D. ਜ਼ੀਰੋ

**Q101** General Intelligence & Reasoning

ਕਿਸੇ ਖਾਸ ਕੋਡ ਭਾਸ਼ਾ ਵਿੱਚ, 'CADS' ਨੂੰ '4689' ਅਤੇ 'DASH' ਨੂੰ '6985' ਵਜੋਂ ਕੋਡ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'H' ਲਈ ਕੋਡ ਕੀ ਹੋਵੇਗਾ?

A. 9

B. 5 ✓

C. 8

D. 6

Blackbook Vocabulary — Now in the App! ▶ Download Now on Google Play

generated by rank.qmaths.in

**Q102** General Intelligence & Reasoning

ਸੁਮਿਤ ਬਿੰਦੂ A ਤੋਂ ਸ਼ੁਰੂ ਕਰਕੇ ਪੂਰਬ ਵੱਲ 28 km ਗੱਡੀ ਚਲਾਉਂਦਾ ਹੈ। ਫਿਰ ਉਹ ਖੱਬਾ ਮੋੜ ਲੈਂਦਾ ਹੈ, 25 km ਗੱਡੀ ਚਲਾਉਂਦਾ ਹੈ, ਖੱਬੇ ਪਾਸੇ ਮੁੜਦਾ ਹੈ ਅਤੇ 29 km ਗੱਡੀ ਚਲਾਉਂਦਾ ਹੈ। ਫਿਰ ਉਹ ਖੱਬਾ ਮੋੜ ਲੈਂਦਾ ਹੈ ਅਤੇ 27 km ਗੱਡੀ ਚਲਾਉਂਦਾ ਹੈ। ਉਹ ਆਖਰੀ ਖੱਬਾ ਮੋੜ ਲੈਂਦਾ ਹੈ, 1 km ਗੱਡੀ ਚਲਾਉਂਦਾ ਹੈ ਅਤੇ ਬਿੰਦੂ P 'ਤੇ ਰੁਕ ਜਾਂਦਾ ਹੈ। ਬਿੰਦੂ A 'ਤੇ ਦੁਬਾਰਾ ਪਹੁੰਚਣ ਲਈ ਉਸਨੂੰ ਕਿੰਨੀ ਦੂਰੀ (ਸਭ ਤੋਂ ਘੱਟ ਦੂਰੀ) ਤੱਕ ਅਤੇ ਕਿਸ ਦਿਸ਼ਾ ਵੱਲ ਗੱਡੀ ਚਲਾਉਣੀ ਚਾਹੀਦੀ ਹੈ? (ਸਾਰੇ ਮੋੜ ਸਿਰਫ਼ 90 ਡਿਗਰੀ ਦੇ ਮੋੜ ਹਨ ਜਦੋਂ ਤੱਕ ਨਿਰਧਾਰਤ ਨਾ ਕੀਤਾ ਗਿਆ ਹੋਵੇ।)

- A. ਉੱਤਰ ਵੱਲ 2 km ✓
- B. ਦੱਖਣ ਵੱਲ 4 km
- C. ਪੂਰਬ ਵੱਲ 3 km
- D. ਪੱਛਮ ਵੱਲ 1 km

**Q103** General Intelligence & Reasoning

6 ਇੱਕ ਖਾਸ ਤਰਕ ਦੀ ਪਾਲਣਾ ਕਰਦੇ ਹੋਏ 32 ਨਾਲ ਸੰਬੰਧਿਤ ਹੈ। ਉਸੇ ਤਰਕ ਦੀ ਪਾਲਣਾ ਕਰਦੇ ਹੋਏ, 2 ਦਾ ਸੰਬੰਧ 12 ਨਾਲ ਹੈ? ਉਸੇ ਤਰਕ ਦੀ ਪਾਲਣਾ ਕਰਦੇ ਹੋਏ, ਹੇਠਾਂ ਦਿੱਤੇ ਵਿੱਚੋਂ 9 ਕਿਸ ਨਾਲ ਸੰਬੰਧਿਤ ਹੈ?
(ਨੋਟ : ਸੰਖਿਆਵਾਂ ਨੂੰ ਇਨ੍ਹਾਂ ਦੇ ਘਟਕ ਅੰਕਾਂ ਵਿੱਚ ਵੱਖ ਕੀਤੇ ਬਿਨ੍ਹਾਂ, ਗਣਿਤਕ ਕਿਰਿਆਵਾਂ ਸੰਪੂਰਨ ਸੰਖਿਆਵਾਂ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। 13 ਨੂੰ ਉਦਾਹਰਨ ਵਜੋਂ ਲੈਂਦੇ ਹੋਏ, 13 ਉੱਤੇ ਗਣਿਤਕ ਕਿਰਿਆਵਾਂ ਜਿਵੇਂ ਜੋੜ/ਘਟਾਓ/ਗੁਣਾਂ ਆਦਿ 13 ਉੱਤੇ ਹੀ ਕੀਤੀਆਂ ਜਾ ਸਕਦੀਆਂ ਹਨ। 13 ਨੂੰ 1 ਅਤੇ 3 ਵਿੱਚ ਵੱਖ ਕਰਨ ਅਤੇ ਫ਼ਿਰ 1 ਅਤੇ 3 ਉੱਤੇ ਗਣਿਤਕ ਕਿਰਿਆਵਾਂ ਕਰਨ ਦੀ ਇਜਾਜ਼ਤ ਨਹੀਂ ਹੈ।)

- A. 52
- B. 49
- C. 47 ✓
- D. 45

**Q104** General Intelligence & Reasoning

ਹੇਠਾਂ ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

25 44 39 58 53 ?

- A. 58
- B. 72 ✓
- C. 82
- D. 77

**Q105** General Intelligence & Reasoning

ਲਲਿਤ ਬਿੰਦੂ A ਤੋਂ ਸ਼ੁਰੂ ਕਰਕੇ ਉੱਤਰ ਵੱਲ 75 km ਗੱਡੀ ਚਲਾਉਂਦਾ ਹੈ। ਫਿਰ ਉਹ ਖੱਬੇ ਮੁੜਦਾ ਹੈ ਅਤੇ 80 km ਗੱਡੀ ਚਲਾਉਂਦਾ ਹੈ, ਫਿਰ ਖੱਬੇ ਮੁੜਦਾ ਹੈ ਅਤੇ 85 km ਗੱਡੀ ਚਲਾਉਂਦਾ ਹੈ। ਇਸ ਤੋਂ ਬਾਅਦ ਉਹ ਫਿਰ ਖੱਬੇ ਮੁੜਦਾ ਹੈ ਅਤੇ 89 km ਗੱਡੀ ਚਲਾਉਂਦਾ ਹੈ। ਉਹ ਆਖਰੀ ਵਾਰ ਖੱਬੇ ਮੁੜਦਾ ਹੈ, 10 km ਗੱਡੀ ਚਲਾਉਂਦਾ ਹੈ ਅਤੇ ਬਿੰਦੂ P 'ਤੇ ਰੁਕ ਜਾਂਦਾ ਹੈ। ਬਿੰਦੂ A 'ਤੇ ਦੁਬਾਰਾ ਪਹੁੰਚਣ ਲਈ ਉਸ ਨੂੰ ਕਿੰਨੀ ਦੂਰੀ (ਘੱਟੋ-ਘੱਟ ਦੂਰੀ) ਅਤੇ ਕਿਸ ਦਿਸ਼ਾ ਵਿੱਚ ਗੱਡੀ ਚਲਾਉਣੀ ਚਾਹੀਦੀ ਹੈ? (ਜਦੋਂ ਤੱਕ ਨਿਰਧਾਰਤ ਨਹੀਂ ਕੀਤਾ ਜਾਂਦਾ, ਸਾਰੇ ਮੋੜ ਸਿਰਫ਼ 90-ਡਿਗਰੀ ਦੇ ਹਨ।)

- A. 8 km ਪੱਛਮ ਵੱਲ
- B. 9 km ਪੱਛਮ ਵੱਲ ✓
- C. 10 km ਪੱਛਮ ਵੱਲ
- D. 11 km ਪੂਰਬ ਵੱਲ

**Q106** General Intelligence & Reasoning

ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ, ਹੇਠਾਂ ਦਿੱਤੇ ਚਾਰ ਅੱਖਰ-ਸਮੂਹ ਜੋੜਿਆਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਇੱਕ ਉਸ ਸਮੂਹ ਨਾਲ ਸੰਬੰਧਿਤ ਨਹੀਂ ਹੈ?
(ਨੋਟ ਕਰੋ: ਅਸੰਗਤ ਜੋੜਾ, ਅੱਖਰ-ਸਮੂਹ ਵਿੱਚ ਵਿਅੰਜਨਾਂ/ਸਵਰਾਂ ਦੀ ਸੰਖਿਆ ਜਾਂ ਉਹਨਾਂ ਦੇ ਸਥਾਨ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ ਹੈ।)

- A. TC - VE ✓
- B. JP - LS
- C. MI - OL
- D. SX - UA

**Q107** General Intelligence & Reasoning

ਕਿਸੇ ਖਾਸ ਕੋਡ ਭਾਸ਼ਾ ਵਿੱਚ, 'AIDS' ਨੂੰ '7192' ਅਤੇ 'DASH' ਨੂੰ '9215' ਵਜੋਂ ਕੋਡਬੱਧ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'H' ਲਈ ਕੋਡ ਕੀ ਹੋਵੇਗਾ?

- A. 1
- B. 5 ✓
- C. 9
- D. 2

Blackbook Vocabulary — Now in the App! ▶ Download Now on Google Play
generated by rank.qmaths.in

**Q108** General Intelligence & Reasoning

ਸੱਤ ਡੱਬੇ, L, M, N, D, E, F ਅਤੇ G, ਇੱਕ ਦੂਜੇ ਦੇ ਉੱਪਰ ਰੱਖੇ ਗਏ ਹਨ ਪਰ ਜ਼ਰੂਰੀ ਨਹੀਂ ਕਿ ਇਹ ਇਸੇ ਕ੍ਰਮ ਵਿੱਚ ਰੱਖੇ ਗਏ ਹੋਣ। ਸਿਰਫ਼ ਦੋ ਡੱਬੇ F ਦੇ ਹੇਠਾਂ ਰੱਖੇ ਗਏ ਹਨ। M ਨੂੰ ਸਿਖਰ ਤੋਂ ਤੀਜੇ ਸਥਾਨ 'ਤੇ ਰੱਖਿਆ ਗਿਆ ਹੈ। D ਨੂੰ L ਦੇ ਠੀਕ ਉੱਪਰ ਰੱਖਿਆ ਗਿਆ ਹੈ। E ਨੂੰ N ਦੇ ਹੇਠਾਂ ਕਿਸੇ ਸਥਾਨ 'ਤੇ ਪਰ G ਦੇ ਉੱਪਰ ਕਿਸੇ ਸਥਾਨ 'ਤੇ ਰੱਖਿਆ ਗਿਆ ਹੈ। L ਨੂੰ M ਦੇ ਠੀਕ ਉੱਪਰ ਰੱਖਿਆ ਗਿਆ ਹੈ। ਕਿਹੜਾ ਡੱਬਾ ਹੇਠਾਂ ਤੋਂ ਦੂਜੇ ਸਥਾਨ 'ਤੇ ਰੱਖਿਆ ਗਿਆ ਹੈ?

A. G

B. N

C. E ✓

D. D

**Q109** General Intelligence & Reasoning

ਇੱਕ ਖਾਸ ਕੋਡ ਭਾਸ਼ਾ ਵਿੱਚ, 'CROW' ਨੂੰ '9863' ਵਜੋਂ 'WORK' ਨੂੰ '3289' ਵਜੋਂ ਕੋਡਬੱਧ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'K' ਲਈ ਕੀ ਕੋਡ ਹੈ?

A. 2 ✓

B. 8

C. 3

D. 9

**Q110** General Intelligence & Reasoning

ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ ਦਿੱਤੀ ਗਈ ਲੜੀ ਵਿੱਚ ? ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

XGO FOW NWE VEM ?

A. DMU ✓

B. DUM

C. DMY

D. DNI

**Q111** General Intelligence & Reasoning

ਸੱਤ ਵਿਅਕਤੀ , A, B, C, D, E, F ਅਤੇ G, ਉੱਤਰ ਵੱਲ ਮੂੰਹ ਕਰਕੇ ਇੱਕ ਸਿੱਧੀ ਕਤਾਰ ਵਿੱਚ ਬੈਠੇ ਹਨ। C ਦੇ ਖੱਬੇ ਪਾਸੇ ਸਿਰਫ਼ ਦੋ ਵਿਅਕਤੀ ਬੈਠੇ ਹਨ। F ਅਤੇ E ਦੇ ਵਿਚਕਾਰ ਸਿਰਫ਼ ਚਾਰ ਵਿਅਕਤੀ ਬੈਠੇ ਹਨ। B, C ਦੇ ਸੱਜੇ ਪਾਸੇ ਦੂਜੇ ਸਥਾਨ 'ਤੇ ਬੈਠਾ ਹੈ। B, A ਦੇ ਠੀਕ ਨਾਲ ਨਹੀਂ ਬੈਠਾ ਹੈ। D, C ਦੇ ਠੀਕ ਸੱਜੇ ਪਾਸੇ ਬੈਠਾ ਹੈ। F, A ਦੇ ਠੀਕ ਸੱਜੇ ਪਾਸੇ ਬੈਠਾ ਹੈ। A ਅਤੇ D ਦੇ ਵਿਚਕਾਰ ਕਿੰਨੇ ਵਿਅਕਤੀ ਬੈਠੇ ਹਨ?

A. ਇੱਕ

B. ਕੋਈ ਨਹੀਂ

C. ਤਿੰਨ

D. ਦੋ ✓

**Q112** General Intelligence & Reasoning

ਹੇਠਾਂ ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

12 13 15 19 27 ?

A. 42

B. 44

C. 43 ✓

D. 45

**Q113** General Intelligence & Reasoning

ਇੱਕ ਖਾਸ ਕੋਡ ਭਾਸ਼ਾ ਵਿੱਚ,

'A + B' ਦਾ ਅਰਥ ਹੈ 'A, B ਦੀ ਮਾਂ ਹੈ',
'A – B' ਦਾ ਅਰਥ ਹੈ 'A, B ਦਾ ਭਰਾ ਹੈ',
'A x B' ਦਾ ਅਰਥ ਹੈ 'A, B ਦੀ ਪਤਨੀ ਹੈ' ਅਤੇ
'A ÷ B' ਦਾ ਅਰਥ ਹੈ 'A, B ਦਾ ਪਿਤਾ ਹੈ'।

ਜੇਕਰ 'A ÷ B – C x D' ਹੈ, ਤਾਂ A ਦਾ D ਨਾਲ ਕੀ ਸੰਬੰਧ ਹੈ?

A. ਮਾਂ ਦਾ ਭਰਾ

B. ਪਤਨੀ ਦਾ ਪਿਤਾ ✓

C. ਪਤਨੀ ਦੀ ਮਾਂ

D. ਭਰਾ

**Q114** General Intelligence & Reasoning

ਜੇਕਰ 'I' ਦਾ ਅਰਥ '+' ਹੈ, 'J' ਦਾ ਅਰਥ '×' ਹੈ, 'K' ਦਾ ਅਰਥ '÷' ਹੈ, ਅਤੇ 'L' ਦਾ ਅਰਥ '–' ਹੈ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ ਪ੍ਰਸ਼ਨ ਚਿੰਨ੍ਹ '?' ਦੇ ਸਥਾਨ 'ਤੇ ਕੀ ਆਵੇਗਾ?

198 L 89 I (72 K 2) L 3 J 4 = ?

A. 129

B. 133 ✓

C. 130

D. 142

Blackbook Vocabulary — Now in the App! ▶ Download Now on Google Play

**Q115** General Intelligence & Reasoning

ਇਸ ਪ੍ਰਸ਼ਨ ਵਿੱਚ, ਇੱਕ ਪ੍ਰਸ਼ਨ ਤੋਂ ਬਾਅਦ ਦੋ ਕਥਨ (I) ਅਤੇ (II) ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤੀ ਗਈ ਜਾਣਕਾਰੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ। ਦੋਵਾਂ ਕਥਨਾਂ ਨੂੰ ਪੜ੍ਹੋ ਅਤੇ ਸਹੀ ਉੱਤਰ ਦਿਓ।

ਪ੍ਰਸ਼ਨ: ਪੰਜ ਸੋਟੀਆਂ E, J, N, C ਅਤੇ K, ਜਿਨ੍ਹਾਂ ਵਿੱਚੋਂ ਹਰ ਇੱਕ ਦੀ ਲੰਬਾਈ ਵੱਖੋ-ਵੱਖਰੀ ਹੈ, ਇਹਨਾਂ ਵਿੱਚੋਂ ਕਿਹੜੀ ਸੋਟੀ ਸਭ ਤੋਂ ਛੋਟੀ ਹੈ?
ਕਥਨ: (I) K, C ਨਾਲੋਂ ਲੰਬੀ ਹੈ।
ਕਥਨ: (II) E ਨਾਲੋਂ ਸਿਰਫ਼ ਇੱਕ ਸੋਟੀ ਛੋਟੀ ਹੈ। E, C ਨਾਲੋਂ ਛੋਟੀ ਹੈ ਪਰ J ਨਾਲੋਂ ਲੰਬੀ ਹੈ

- A. ਦੋਵੇਂ ਕਥਨ I ਅਤੇ II ਇਕੱਠੇ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹਨ।
- B. ਕਥਨ II ਵਿੱਚ ਦਿੱਤੀ ਗਈ ਜਾਣਕਾਰੀ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ I ਵਿੱਚ ਦਿੱਤੀ ਗਈ ਜਾਣਕਾਰੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹੈ। ✓
- C. ਦੋਵੇਂ ਕਥਨ I ਅਤੇ II ਇਕੱਠੇ (ਇਕੱਲਾ ਕਥਨ I ਜਾਂ ਇਕੱਲਾ ਕਥਨ II ਨਹੀਂ) ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹਨ।
- D. ਕਥਨ I ਵਿੱਚ ਦਿੱਤੀ ਗਈ ਜਾਣਕਾਰੀ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ II ਵਿੱਚ ਦਿੱਤੀ ਗਈ ਜਾਣਕਾਰੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹੈ।

**Q116** General Intelligence & Reasoning

ਹੇਠਾਂ ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

74 75 67 94 30 ?

- A. 246
- B. 165
- C. 155 ✓
- D. 264

**Q117** General Intelligence & Reasoning

ਹੇਠਾਂ ਦਿੱਤੀ ਸੰਖਿਆ ਅਤੇ ਚਿੰਨ੍ਹ ਲੜੀ ਦੇ ਹਵਾਲੇ ਤੋਂ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। ਗਣਨਾਵਾਂ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਹੀ ਕਰਨੀਆਂ ਹਨ। ਸਾਰੀਆਂ ਸੰਖਿਆਵਾਂ ਸਿਰਫ ਇੱਕ ਅੰਕ ਵਾਲੀਆਂ ਸੰਖਿਆਵਾਂ ਹਨ
(ਖੱਬਾ) * £ 8 € @ 1 8 8 © & 1 1 1 7 * 4 7 2 8 $ 8 & (ਸੱਜਾ)
ਅਜਿਹੇ ਕਿੰਨੇ ਚਿੰਨ੍ਹ ਹਨ, ਜਿਨ੍ਹਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਸੰਖਿਆ ਹੈ ਅਤੇ ਠੀਕ ਬਾਅਦ ਇੱਕ ਸੰਖਿਆ ਹੈ?

- A. 4
- B. 2 ✓
- C. 1
- D. 3

**Q118** General Intelligence & Reasoning

ਜੇਕਰ IGNITION ਸ਼ਬਦ ਦੇ ਹਰੇਕ ਸਵਰ ਨੂੰ ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਵਿੱਚ ਇਸਦੇ ਠੀਕ ਪਹਿਲਾਂ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ ਅਤੇ ਹਰੇਕ ਵਿਅੰਜਨ ਨੂੰ ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਵਿੱਚ ਇਸਦੇ ਠੀਕ ਬਾਅਦ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ, ਤਾਂ ਇਸ ਤਰ੍ਹਾਂ ਬਣੇ ਅੱਖਰਾਂ ਦੇ ਸਮੂਹ ਵਿੱਚ ਕਿਹੜਾ ਅੱਖਰ ਦੋ ਤੋਂ ਵੱਧ ਵਾਰ ਦਿਖਾਈ ਦੇਵੇਗਾ?

- A. Z
- B. U
- C. O
- D. H ✓

**Q119** General Intelligence & Reasoning

ਇੱਕ ਖਾਸ ਕੋਡ ਭਾਸ਼ਾ ਵਿੱਚ, 'CROW' ਨੂੰ '7513' ਵਜੋਂ 'WORM' ਨੂੰ '7613' ਵਜੋਂ ਕੋਡਬੱਧ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'M' ਲਈ ਕੀ ਕੋਡ ਹੈ?

- A. 6 ✓
- B. 1
- C. 7
- D. 3

**Q120** General Intelligence & Reasoning

ਇੱਕ ਖਾਸ ਕੋਡ ਭਾਸ਼ਾ ਵਿੱਚ, 'PACE' ਨੂੰ '8471' ਵਜੋਂ 'CAMP' ਨੂੰ '7412' ਵਜੋਂ ਕੋਡਬੱਧ ਕੀਤਾ ਗਿਆ ਹੈ। ਇਸ ਦਿੱਤੀ ਗਈ ਕੋਡ ਭਾਸ਼ਾ ਵਿੱਚ 'M' ਲਈ ਕੀ ਕੋਡ ਹੈ?

- A. 1
- B. 2 ✓
- C. 4
- D. 7

Blackbook Vocabulary — Now in the App! ► Download Now on Google Play